# ਸਮਤਾ

ਅਕਤੂਬਰ 1981 (ਅੰਕ 17)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਅਕਤੂਬਰ 1981
ਮੁਲ – ਡੇਢ ਰੁਪਿਆ

17

## ਸੰਪਾਦਕੀ –

### 1. ਪੰਜਾਬ ਦੇ ਲੋਕਾਂ ਲਈ ਕੁਝ ਸਵਾਲ :

ਲਾਲਾ ਜਗਤ ਨਰਾਇਨ ਹੋਰਾਂ ਦਾ ਸਿਆਸੀ ਕਤਲ ਕਰ ਦਿਤਾ ਗਿਆ। ਇਸ ਮੌਤ ਤੇ ਮਗਰਮੱਛੀ ਅੱਥਰੂ ਵਹਾਉਣ ਦਾ ਕੀ ਫਾਇਦਾ? ਹਰ ਕੋਈ ਜਾਣਦਾ ਹੈ ਕਿ ਲਾਲਾ ਜਗਤ ਨਰਾਇਨ – ਸਾਧੂ ਸਿੰਘ ਹਮ-ਦਰਦ ਐਂਡ ਕੰਪਨੀ, ਜਿਹੜੇ ਆਪਣੀ ਕਲਮ ਤੋਂ ਏਨੇ ਸਾਲਾਂ ਤੋਂ ਜ਼ਹਿਰ ਉਗਲ ਰਹੇ ਸਨ, ਇਹ ਕਤਲ ਉਹ ਜ਼ਹਿਰ ਦਾ ਕੁਦਰਤੀ ਨਤੀਜਾ ਹੋਣਾ ਹੀ ਸੀ। ਲਾਲਾ ਜੀ ਨੇ ਕਹਾ, ਹਮਦਰਦ ਜੀ ਨੇ ਜਵਾਬ ਦੀਆ – ਹਮਦਰਦ ਜੀ ਨੇ ਕਹਾ, ਲਾਲਾ ਜੀ ਨੇ ਜਵਾਬ ਦੀਆ– ਇਹ ਖੇਡ ਵਰ੍ਹਿਆਂ-ਬੱਧੀ ਇਸ ਸੂਬੇ ਵਿਚ ਖੇਡੀ ਗਈ ਹੈ, ਤੇ ਹੁਣ ਵੀ ਖੇਡੀ ਜਾ ਰਹੀ ਹੈ। ਹਰ ਕੋਈ ਜਾਣਦਾਂ ਹੈ ਕਿ ਪੰਜਾਬ ਵਿਚ ਹਿੰਦੂਆਂ ਸਿਖਾਂ ਦਾ ਮਰਨਾ ਜੀਣਾ ਸਾਂਝਾ ਹੈ, ਪਰ ਇਹ ਇਹਨਾਂ ਕਲਮਾਂ ਦੀ ਹੀ ਦੇਣ ਹੈ ਕਿ ਹਿੰਦੂ ਸਿੱਖਾਂ ਵਿਚ ਵਿਖਰੇਵਾਂ ਆਇਆ ਹੈ। ਮਾਂ ਬੋਲੀ ਨਾਲ ਧੱਕਾ ਵੀ ਇਹਨਾਂ ਕਲਮਾਂ ਦੀ ਦੇਣ ਹੈ। ਬਿਜਲੀ ਪਾਣੀ ਦੇ ਸੰਕਟਾਂ ਨੇ ਲੋਕਾਂ ਦੇ ਦਿਮਾਗਾਂ ਵਿਚ ਅਗੇ ਹੀ ਬੜਾ ਖਿਚਾਅ ਪਇਆ ਹੋਇਆ ਹੈ। ਨਾ ਕੋਈ ਇੰਡਸਟਰੀ ਠੀਕ ਤਰ੍ਹਾਂ ਚਲ ਸਕਦੀ ਹੈ। ਨਾ ਕੋਈ ਖੇਤੀ ਠੀਕ ਤਰ੍ਹਾਂ ਹੋ ਸਕਦੀ ਹੈ। ਇਸ ਖਿਚਾਅ ਭਰੀ ਜ਼ਿੰਦਗੀ ਵਿਚ ਜਦੋਂ ਇਹ ਕਲਮਾਂ ਜ਼ਹਿਰ ਚਲਾਉਂਦੀਆਂ ਹਨ ਤਾਂ ਗਲਤ ਨਤੀਜਿਆਂ ਤੋਂ ਸਿਵਾ ਹੋਰ ਨਿਕਲਣਾ ਵੀ ਕੀ ਹੈ? ਇਸ ਤਣਾਓ ਵਾਲੇ ਵਾਤਾਵਰਨ ਵਿਚ ਸੰਤ ਭਿੰਡਰਾਂ ਵਾਲੇ ਦਾ ਪਰਵੇਸ਼ ਵੀ ਸਾਡੇ ਲਈ ਕਈ ਸਵਾਲ ਖੜ੍ਹੇ ਕਰਦਾ ਹੈ। ਵੀਹਵੀਂ ਸਦੀ ਦੇ ਪੰਜਾਬ ਵਿਚ, ਉਹਨਾਂ ਦਾ ਨਾਇਕ ਸਥਾਪਤ ਹੋਣਾ ਕਿਸ ਦੇ ਹਿੱਤ ਵਿਚ ਹੈ? ਸੰਤ ਜੀ ਦੀਆਂ ਸਰਗਰਮੀਆਂ ਜਦੋਂ ਤਕ ਧਰਮ ਪ੍ਰਚਾਰ ਤਕ ਸੀਮਤ ਸਨ ਤਾਂ ਇਹ ਉਹਨ੍ਹਾਂ ਦਾ ਮਾਮਲਾ ਸੀ। ਪਰ ਹੁਣ ਜਦੋਂ ਉਹ ਸਰਗਰਮ ਪਿੜ ਵਿਚ ਆਏ ਹਨ ਤਾਂ ਸਾਡਾ ਸਵਾਲ ਕਰਨਾ ਬਣਦਾ ਹੈ ਕਿ ਉਹ ਗੁਰੂ ਨਾਨਕ ਦੇਵ ਜੀ ਦੇ ਜਾਂ ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਦੇ ਕਿਹੜੇ ਪੱਖ ਨੂੰ ਪਰਚਾਰਨ ਲਈ ਮੈਦਾਨ ਵਿਚ ਆਏ ਹਨ? ਲੋਕਾਂ ਦਾ ਹੱਕ ਬਣਦਾ ਹੈ ਕਿ ਇਹ ਸ਼ਵਾਲ ਪੁਛਣ। ਅਗੇ ਹੀ ਪੰਜਾਬ ਵਿਚ ਥੋੜੇ ਡੇਰੇ ਚਲ ਰਹੇ ਹਨ? ਨਿਰੰਕਾਰੀਆਂ ਦਾ ਡੇਰਾ, ਰਾਧਾ ਸੁਆਮੀਆਂ ਦਾ ਡੇਰਾ, ਬਾਬਾ ਸੰਤਾ ਸਿੰਘ ਦੇ ਨਿਹੰਗਾਂ ਦਾ ਡੇਰਾ, ਬਾਬਾ ਕਾਹਨ ਸਿੰਘ ਦੇ ਨਿਹੰਗਾਂ ਦਾ ਡੇਰਾ, ਨੀਲੇ ਪਟਕੇ ਵਾਲਿਆਂ ਦਾ ਡੇਰਾ, ਨਾਮਧਾਰੀਆਂ ਦਾ ਡੇਰਾ, ਅਖੰਡ ਕੀਰਤਨੀਆਂ ਦਾ ਡੇਰਾ, ਵੇਦਾਂਤੀਆਂ ਦਾ ਡੇਰਾ...... ਇਸ ਦੇ ਉਤੇ ਖਾਲਿਸਤਾਨੀ, ਅਨੰਦਪੁਰ ਦੇ ਮਤੇ ਵਾਲੇ, ਧਰਮ ਯੁਧ ਵਾਲੇ ਵੀ ਪੰਜਾਬ ਦੇ ਪਿੜ ਵਿਚ ਕਾਫੀ ਘਚੋਲਾ ਪਾ ਰਹੇ ਹਨ। ਇਹ ਸਭ ਲੋਕ ਨਿਕੇ ਜਿਹੇ ਪੰਜਾਬ ਵਿਚੋਂ ਕੀ ਕਢਣਾ ਚਾਹੁੰਦੇ ਹਨ, ਜਿਹੜਾ ਅਗੇ ਹੀ ਪੰਜ ਦਰਿਆਵਾਂ ਤੋਂ ਢਾਈ ਦਰਿਆਵਾਂ ਦਾ ਰਹਿ ਗਿਆ ਹੈ? ਇਹ ਆਪਣੇ ਆਪ ਵਿਚ ਇਕ ਸਵਾਲ ਹੈ। ਹਾਕਮ ਪਾਰਟੀ ਵਿਚ ਜ਼ੈਲ ਸਿੰਘ ਅਤੇ ਦਰਬਾਰਾ ਸਿੰਘ ਆਪਣੀ ਹੀ ਮਾਰ ਤੇ ਹਨ। ਸੰਤੋਖ ਸਿੰਘ ਦਿੱਲੀ ਤੋਂ ਜ਼ੈਕ ਮਹਿਤਾ ਸਿਰਫ਼ ਇਸ ਲਈ ਆਉਂਦਾ ਹੈ ਕਿ ਸਾਰੇ ਸ਼ਾਂਤ ਵਾਤਾਵਰਨ ਵਿਚ ਅੱਗ ਲਾਵੇ। ਦੇਸ ਦੀ ਖੁਫੀਆ ਪੁਲਸ ਅਤੇ ਫੌਜ ਦਾ ਸੂਹੀਆ ਵਿੰਗ ਕਿਸ ਕੰਮ ਜੇਕਰ ਪੰਜਾਬ ਵਰਗੇ ਸਰਹੱਦੀ ਸੂਬੇ ਵਿੱਚ ਰੇਲਾਂ ਪੁਟੀਆਂ ਜਾਣ ਤੇ ਪਤਾ ਨਾ ਲਗੇ ਕਿ ਸ਼ਰਾਰਤ ਕਿਸ ਦੀ ਹੈ? ਲੋਕਾਂ ਦਾ ਹੱਕ ਬਣਦਾ ਹੈ ਕਿ ਇਹ ਸਾਰੇ ਸਵਾਲ ਪੁਛਣ। ਨਹੀਂ ਤਾਂ ਇਹ ਸਾਰਾ ਘਚੋਲਾ ਹੋਰ ਵੀ ਵਧੇਗਾ ਅਤੇ ਇਹਦੇ ਵਿਚ ਸਾਧਾਰਨ ਲੋਕਾਂ ਦਾ ਨੁਕਸਾਨ ਹੀ ਨੁਕਸਾਨ ਹੈ।

---

**ਇਸ ਅੰਕ ਵਿਚ** – ਸੰਪਾਦਕੀ – 1. ਪੰਜਾਬ ਦੇ ਲੋਕਾਂ ਲਈ ਸਵਾਲ, 2. ਰਾਣੀਏ, ਆਪਣਾ ਘਰ ਸੁਆਰ; ਕਹਾਣੀਆਂ – ਸਾਗਰ ਸਰਹੱਦੀ, ਜਰਨੈਲ ਸਿੰਘ ਰਾਹੀ, ਅਸਗਰ ਵਜਾਹਤ; ਅਸਦ ਮੁਫਤੀ ਨਾਲ ਇਕ ਮੁਲਾਕਾਤ ਅਤੇ ਉਹਦੀਆਂ ਛੇ ਕਵਿਤਾਵਾਂ; ਕਵਿਤਾਵਾਂ – ਦਰਸ਼ਨ ਖਟਕੜ, ਧਰਮਪਾਲ ਉਪਾਸ਼ਕ; ਲੇਖ – ਸਿਆਸਤ ਸਾਡਾ ਪਰਮੋ ਧਰਮ ਹੈ – ਪ੍ਰੋ. ਭਾਰਦਵਾਜ; ਪਾਠਕ, ਲੇਖਕ ਫੋਰਮ – 1. ਕ੍ਰਾਂਤੀਕਾਰੀ ਸਾਹਿਤ ਸਭਾ, 2. ਨੌਜਵਾਨ ਭਾਰਤ-ਸਭਾ।

## 2. ਰਾਣੀਏਂ – ਆਪਣਾ ਘਰ ਸੁਆਰ :

ਰਾਣੀਏਂ, ਤੂੰ ਦੇਸ ਹੋਵੇਂ, ਪ੍ਰਦੇਸ ਹੋਵੇਂ, ਚੰਡੀਗੜ੍ਹ ਹੋਵੇਂ, ਜਕਾਰਤਾ ਹੋਵੇਂ, ਤੇਰੀ ਇਹ ਆਦਤ ਬਣ ਗਈ ਏ ਕਿ ਆਪਣੀ ਹਰ ਇਕ ਨਾਕਾਮਯਾਬੀ ਦੀ ਜ਼ਿੰਮੇਵਾਰੀ ਤੂੰ ਦੂਜਿਆਂ ਤੇ ਸੁਟਦੀ ਏਂ। 34 ਸਾਲਾਂ ਵਿਚੋਂ 32 ਸਾਲ ਇਸ ਦੇਸ ਦੀ ਵਾਗਡੋਰ ਤੇਰੇ ਤੇ ਤੇਰੇ ਪਿਤਾ ਕੋਲ ਰਹੀ ਹੈ। ਉਸ ਪਾਰਟੀ ਕੋਲ ਰਹੀ ਹੈ, ਜਿਸ ਦੀ ਕਰਤਾ ਧਰਤਾ ਤੂੰ ਏਂ; ਤੇ ਜਿਸ ਦਾ ਨਾਂ ਵੀ ਤੇਰੇ ਨਾਂ ਉਤੇ ਹੈ, ਪਰ ਦੇਸ ਦੀ ਭੈੜੀ ਹਾਲਤ ਦੀ ਜ਼ਿੰਮੇਂਵਾਰੀ ਤੂੰ ਹਮੇਸ਼ਾਂ ਕਿਸੇ ਹੋਰ ਉਤੇ ਹੀ ਸੁਟੀ ਹੈ। 1977 ਤੋਂ ਪਹਿਲਾਂ ਇਹ ਜ਼ਿੰਮੇਂਵਾਰੀ ਵਿਰੋਧੀ ਧਿਰ ਦੀ ਸੀ, ਜਿਸ ਦੀ ਜ਼ਬਾਨ ਹੀ ਤੂੰ 1975 ਵਿਚ ਬੰਦ ਕਰ ਦਿਤੀ। 1980 ਵਿਚ ਇਹ ਜ਼ਿੰਮੇਵਾਰੀ ਦੋ ਸਾਲ ਦੇ ਜਨਤਾ ਰਾਜ ਉਤੇ ਸੁਟੀ ਜਾਣ ਲਗੀ। ਅਗੇ ਜਾ ਕੇ ਤੂੰ ਇਹ ਜ਼ਿੰਮੇ-ਵਾਰੀ ਬਾਹਰਲੀਆਂ ਤਾਕਤਾਂ ਤੇ ਸੁਟਣਾ ਸ਼ੁਰੂ ਕਰ ਦੇਵੇਂਗੀ। ਤੇਰੇ ਆਪਣੇ ਪੱਲੇ ਕੀ ਏ ?

* ਤੇਰੀ ਪਾਰਟੀ ਦੇ ਚੀਫ ਮਨਿਸਟਰ ਹਰ ਇਕ ਸੂਬੇ ਵਿਚ ਵਡੇ ਤੋਂ ਵਡੇ ਭ੍ਰਿਸ਼ਟਾਚਾਰ ਦੇ ਦੋਸ਼ੀ ਹਨ। ਅੰਤੁਲੇ ਦਾ ਕੇਸ ਬਾਹਰ ਆ ਗਿਆ ਹੈ, ਗੁੰਡੂ ਰਾਓ ਦਾ ਛੁਪਿਆ ਹੋਇਆ ਹੈ।

* ਤੇਰੀ ਪਾਰਟੀ ਦੇ ਪ੍ਰਮੁਖ ਐਮ.ਪੀ. ਬਦ-ਇਖਲਾਕ ਕਿਸਮ ਦੇ ਲੋਕ ਹਨ। ਉਹ ਦਿਲੀ ਵਿਚ ਦੂਜਿਆਂ ਦੀਆਂ ਔਰਤਾਂ ਨਾਲ ਅੱਯਾਸ਼ੀ ਕਰਦੇ ਹਨ ਤੇ ਫੇਰ ਉਹਨਾਂ ਨੂੰ ਉਚੀਆਂ ਬਿਲਡਿੰਗਾਂ ਤੋਂ ਸੁਟ ਕੇ ਮਾਰ ਦੇਂਦੇ ਹਨ। ਦਵਿੰਦਰ ਸਿੰਘ ਗਰਚਾ ਦਾ ਕੇਸ ਬਾਹਰ ਆ ਗਿਆ ਹੈ। ਕਰਨਾਟਕ ਦੇ ਐਫ. ਐਮ. ਖਾਨ ਦਾ ਹਾਲੇ ਲੁਕਿਆ ਹੋਇਆ ਹੈ।

* ਗੁੰਡਾ ਸਿਆਸਤ ਤੇਰੀ ਪਾਰਟੀ ਦਾ ਵਡਾ ਨਮੂਨਾ ਹੈ। ਬੰਸੀ ਲਾਲ, ਭਜਨ ਲਾਲ ਇਸ ਸਿਆਸਤ ਦੇ ਵਡੇ ਲਾਲ ਹਨ।

* ਆਪਣੇ ਦੇਸ ਦੀ ਕਣਕ ਗੁਦਾਮਾਂ ਵਿਚ ਰੁਲ ਰਹੀ ਹੈ, ਪਰ ਬਾਹਰੋਂ ਕਣਕ ਮਹਿੰਗੇ ਭਾਅ ਖਰੀਦੀ ਜਾ ਰਹੀ ਹੈ। ਆਪਣੇ ਕਿਸਾਨਾਂ ਨੂੰ ਤੂੰ 120 ਰੁਪਏ ਭਾਅ ਨਹੀਂ ਦੇ ਸਕਦੀ, ਪਰ ਬਾਹਰ ਤੋਂ ਆਈ ਕਣਕ ਦਾ 220 ਰੁਪਏ ਭਾਅ ਦੇ ਕੇ ਵੀ ਤੂੰ ਰਾਜ਼ੀ ਏਂ।

* ਮਹਿੰਗਾਈ ਆਕਾਸ਼ ਛੂਹ ਰਹੀ ਏਂ, ਪਰ ਹਰ ਕਿਸਮ ਦੇ ਰੋਸ ਨੂੰ ਦਬਾਉਣ ਲਈ ਤੂੰ ਕਾਲੇ ਕਾਨੂੰਨਾਂ ਦੀ ਮਦਦ ਲੈ ਰਹੀ ਏਂ।

* ਤੂੰ ਆਪਣੀ ਪੁਲਸ ਨੂੰ ਅੰਨ੍ਹੇ ਇਖਤਿਆਰ ਦੇ ਦਿਤੇ ਹਨ। ਉਹਨਾਂ ਨੂੰ ਸ਼ਹਿ ਹੈ ਕਿ ਉਹ ਸਾਧਾਰਨ ਸ਼ਹਿਰੀਆਂ ਨੂੰ ਛੱਲੀਆਂ ਕੁਟਣ ਵਾਂਗ ਕੁਟ ਸਕਦੇ ਹਨ, ਭਾਵੇਂ ਉਹ ਚੰਡੀਗੜ੍ਹ ਮੁਜ਼ਾਹਰਾ ਕਰਦੇ ਵਿਦਿਆਰਥੀ ਹੋਣ ਤੇ ਭਾਵੇਂ ਹੋਸਟਲ ਸੁਤੇ ਹੋਏ ਖਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀ। ਰਾਸ਼ਟਰ ਪੱਧਰ ਦੇ ਐਥਲੀਟ ਹੋਣ ਜਾਂ ਨਵੇਂ ਪੁੰਗਰਦੇ ਕਵੀ ਹੋਣ।

* ਤੇਰੇ ਇਹੋ ਕਾਨੂੰਨ ਦੇ ਰਖਵਾਲੇ ਆਪਣੇ ਥਾਣਿਆਂ ਵਿਚ ਔਰਤਾਂ ਨਾਲ ਬਲਾਤਕਾਰੀ ਕਰ ਸਕਦੇ ਹਨ। ਕੈਦੀਆਂ ਦੀਆ ਅੱਖਾਂ ਵਿਚ ਤੇਜ਼ਾਬ ਪਾ ਕੇ ਉਹਨਾਂ ਨੂੰ ਅੰਨਿਆਂ ਕਰ ਸਕਦੇ ਹਨ। ਸ਼ਰੇਆਮ ਔਰਤਾਂ ਨੂੰ ਨੰਗਿਆਂ ਕਰਕੇ ਉਹਨਾਂ ਦਾ ਜਲੂਸ ਕੱਢ ਸਕਦੇ ਹਨ।

* ਖਰਬਾਂ ਰੁਪਈਆਂ ਦਾ ਕਰਜ਼ਾ ਲੈ ਕੇ ਤੂੰ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿਖ ਮੋਹਰਬੰਦ ਕਰ ਦਿਤਾ ਹੈ। ਉਹਨਾਂ ਨੂੰ ਸਿਰ ਚੁਕਣ ਦੇ ਯੋਗ ਹੀ ਨਹੀਂ ਛਡਿਆ। ਇਹ ਕਰਜ਼ੇ ਲੈ ਕੇ ਤੂੰ ਦੇਸ਼ ਦੀ ਆਰਥਕਤਾ ਨੂੰ ਉਤੇ ਨਹੀਂ ਚੁਕਿਆ, ਸਗੋਂ ਉਹਨਾਂ ਨੂੰ ਫਜ਼ੂਲ ਅਯਾਸ਼ੀ ਦੇ ਪ੍ਰਾਜੈਕਟਾਂ ਤੇ ਜ਼ਾਇਆ ਕਰ ਦਿਤਾ ਹੈ। ਇਹ ਪ੍ਰਾਜੈਕਟ ਹਨ, ਵਡੇ ਵਡੇ ਹੋਟਲ, ਏਸ਼ੀਆਈ ਗੇਮਾਂ ਦੀ ਸ਼ਾਹੀ ਠਾਠ, ਯੂਨੀਵਰਸਿਟੀਆਂ ਦੀਆਂ ਵਡੀਆਂ ਵਡੀਆਂ ਇਮਾਰਤਾਂ, ਜਿਸ ਵਿਚ ਇਕ ਵਾਰੀ ਵਿਦਿਆਰਥੀ ਰਹਿ ਜਾਣ ਤੇ ਫੇਰ ਉਹ ਆਪਣੇ ਘਰ ਵਲ ਜਾਂ ਆਪਣੇ ਪਛੜੇ ਇਲਾਕਿਆਂ ਵਲ ਮੂੰਹ ਨਾ ਕਰਨ — ਇਹ ਸਭ ਤੇਰੀ ਭੈੜੀ ਯੋਜਨਾਬੰਦੀ ਦੀਆਂ ਮਿਸਾਲਾਂ ਹਨ।

* ਤੂੰ ਝੋਲੀਚੁਕਾਂ ਦੀ ਇਕ ਜੁੰਡਲੀ ਆਲੇ ਦੁਆਲੇ ਇਕੱਠੀ ਕੀਤੀ ਹੋਈ ਹੈ, ਜਿਹੜੀ ਹਰ ਵੇਲੇ ਤੈਨੂੰ ਇਹੋ ਪ੍ਰਭਾਵ ਦੇਂਦੀ ਰਹਿੰਦੀ ਹੈ ਕਿ ਹਿੰਦੋਸਤਾਨ ਵਿਚ ਤੂੰ ਹੀ ਤੂੰ ਏਂ, ਜਾਂ ਤੇਰੇ ਖਾਨਦਾਨ ਵਾਲੇ ਨੇ, ਜਿਹੜੇ ਹਕੂਮਤ ਚਲਾ ਸਕਦੇ ਨੇ, ਬਾਕੀ 68 ਕਰੋੜ ਦੀ ਕੌਮ ਐਵੇਂ ਮੱਖੀਆਂ ਮੱਛਰ ਹੀ ਹੈ।

* ਤੇਰੇ ਮੂੰਹ ਤੇ ਤੇਰੀ ਪਾਰਟੀ ਵਾਲਾ ਕੋਈ ਕੁਸਕ ਵੀ ਨਹੀਂ ਸਕਦਾ। ਇੰਡੀਅਨ ਨੈਸ਼ਨਲ ਕਾਂਗਰਸ ਜਿਸ ਵਿਚ ਕਿਸੇ ਵੇਲੇ ਦੇਸ਼ ਦੇ ਸਿਰਕਢ ਨੇਤਾ ਰਹਿ ਚੁਕੇ ਹਨ, ਹੁਣ ਤੇਰੇ ਇਸ਼ਾਰਿਆਂ ਤੇ ਚਲਣ ਵਾਲੀ ਇਕ ਸਰਕਸ ਪਾਰਟੀ ਬਣ ਕੇ ਰਹਿ ਗਈ ਹੈ। ਰਿੰਗ ਮਾਸਟਰ ਦੀ ਚਾਬਕ ਤੇਰੇ ਕੋਲ ਹੈ। ਪੰਜਾਬੀ ਵਿਚ ਇਕ ਅਖਾਣ ਏਂ – "ਰਾਣੀ ਨੂੰ ਕੌਣ ਆਖੇ ਅੱਗਾ ਕੱਜ।" ਪਰ ਇਹ ਅਖਾਣ ਰਜਵਾੜਾਸ਼ਾਹੀ ਦੀ ਦੇਣ ਹੈ ਅਜ ਤਾਂ ਜਮਹੂਰੀਅਤ ਦਾ ਦੌਰ ਹੈ। ਤੂੰ ਇਸ ਦੇਸ ਦੀ ਵੋਟਾਂ ਨਾਲ ਚੁਣੀ ਹੋਈ ਰਾਣੀ ਏਂ। ਇਸ ਲਈ ਲੋਕਾਂ ਦਾ ਹੱਕ ਬਣਦਾ ਹੈ ਕਿ ਉਹ ਆਖ ਸਕਣ :

"ਰਾਜ ਤੇਰੇ ਦੇ ਭੈੜੇ ਚੱਜ,
ਸੁਣ ਨੀ ਰਾਣੀਏ ਅੱਗਾ ਕੱਜ।"

o o

# *ਕਾਗਜ਼ੀ ਕਾਰਵਾਈ*

## ਸਾਗਰ ਸਰਹੱਦੀ/ਪੰਜਾਬੀ ਰੂਪ – ਸਰਦਾਰ ਬੱਸਰਾ

[ਸਾਗਰ ਸਰਹੱਦੀ ਸਾਡੀ ਫਿਲਮੀ ਦੁਨੀਆ ਦਾ ਪ੍ਰਸਿਧ ਲੇਖਕ ਹੈ। ਦੇਸ਼ ਦੀ ਵੰਡ ਵੇਲੇ ਸਰਹੱਦੀ ਸੂਬੇ ਦੀ ਆਪਣੀ ਰਮਣੀਕ ਧਰਤੀ ਨੂੰ ਛੱਡ ਕੇ ਇਸ ਲੇਖਕ ਦੇ ਹਿੱਸੇ ਛੋਟੀ ਉਮਰ ਵਿਚ ਹੀ ਬੰਬਈ ਵਰਗੇ ਕਠੋਰ ਦਿਲ ਸ਼ਹਿਰ ਵਿਚ ਸੰਘਰਸ਼ ਦੀ ਜ਼ਿੰਦਗੀ ਆਈ । ਉਰਦੂ ਜ਼ਬਾਨ ਵਿਚ ਕਈ ਸ਼ਾਹਕਾਰ ਕਹਾਣੀਆਂ ਸਾਗਰ ਸਰਹੱਦੀ ਦੀ ਕਲਮ ਦੀਆਂ ਦੇਣ ਹਨ। ਪੰਜਾਬੀ ਪਾਠਕਾਂ ਵਿਚ ਸਾਗਰ ਸਰਹੱਦੀ ਦੀ ਪਛਾਣ 'ਮਸੀਹਾ' ਨਾਂ ਦੇ ਮੌਲਿਕ ਇਕਾਂਗੀ ਨਾਲ ਕੀਤੀ ਜਾ ਸਕਦੀ ਹੈ, ਜਿਸ ਦਾ ਸ਼ੁਮਾਰ ਇਸ ਜ਼ਬਾਨ ਦੇ ਚੁਣੇ ਹੋਏ ਇਕਾਂਗੀਆਂ ਵਿਚ ਹੁੰਦਾ ਹੈ। ਸਾਗਰ ਸਰਹੱਦੀ ਦੀ ਇਹ ਕਹਾਣੀ 'ਕਾਗਜ਼ੀ ਕਾਰਵਾਈ' ਅਜ ਦੇ ਹਿੰਦੋਸਤਾਨ ਵਿਚ ਮਨੁੱਖੀ ਜੀਵਨ ਦੀ ਸਹੀ ਤਸਵੀਰ ਹੈ, ਜਿਥੇ ਮਨੁੱਖ ਮਰ ਤਾਂ ਚੁਕਿਆ ਹੈ, ਭਾਵੇਂ ਉਹਨੂੰ ਮੁਰਦਾ ਕਰਾਰ ਦੇਣ ਦੀ 'ਕਾਗਜ਼ੀ ਕਾਰਵਾਈ' ਹਾਲੀ ਬਾਕੀ ਹੈ। ਇਹ ਕਹਾਣੀ ਸਮਤਾ ਦੇ ਪਾਠਕਾਂ ਲਈ ਪੇਸ਼ ਕਰਦਿਆਂ ਅਸੀਂ ਵਿਸ਼ੇਸ਼ ਖੁਸ਼ੀ ਮਹਿਸੂਸ ਕਰਦੇ ਹਾਂ। — ਸੰਪਾਦਕ]

"ਮੈਂ ਮਰ ਗਿਆ ਹਾਂ।" ਇਹ ਐਲਾਨ ਕੀਤਿਆਂ ਉਹਨੂੰ ਹਫਤਾ ਹੋ ਗਿਆ ਸੀ, ਪਰ ਸਰਕਾਰੀ ਅਫ਼ਸਰ ਨੇ ਅਜੇ ਤਕ ਕਾਗਜ਼ਾਂ ਤੇ ਦਸਖ਼ਤ ਨਹੀਂ ਸਨ ਕੀਤੇ, ਕਿਉਂਕਿ ਅਜੇ ਤਕ ਤਸਦੀਕ ਨਹੀਂ ਹੋ ਸਕੀ ਸੀ। ਉਹਨੇ ਕਈ ਵਾਰ ਸਰਕਾਰੀ ਅਫ਼ਸਰ ਨੂੰ ਆਪਣੀਆਂ ਖਾਲੀ ਅੱਖਾਂ ਨਾਲ ਵੇਖਿਆ ਸੀ, ਆਪਣੇ ਠੰਡੇ ਹੋ ਚੁਕੇ ਜਿਸਮ ਵਲ ਅਸ਼ਾਰਾ ਕੀਤਾ ਸੀ ਕਿ ਉਹ ਕਾਗਜ਼ਾਂ ਤੇ ਆਪਣੀ ਸਈ ਪਾ ਦੇਵੇ ਤਾਂ ਜੋ ਉਸ ਦੀ ਮੌਤ ਦੀ ਤਸਦੀਕ ਹੋ ਜਾਏ ਤੇ ਉਹਨੂੰ ਮਰਿਆ ਹੋਇਆ ਕਰਾਰ ਦੇ ਦਿਤਾ ਜਾਵੇ ਤੇ ਇਸ ਖਲਜਗਣ ਚੋਂ ਉਹਦੀ ਖਲਾਸੀ ਹੋ ਜਾਵੇ ਪਰ ਸਰਕਾਰੀ ਅਫ਼ਸਰ ਮਜਬੂਰ ਸੀ, ਉਹਨੂੰ ਸਾਰੀ ਕਾਗਜ਼ੀ ਕਾਰਵਾਈ ਪੂਰੀ ਕਰਨੀ ਸੀ। ਮੌਕੇ ਦੇ ਗਵਾਹ ਖੜੇ ਕਰਨੇ ਸਨ ਫੇਰ ਇਹਨਾਂ ਗਵਾਹਾਂ ਤੋਂ ਦਸਖ਼ਤ ਕਰਾਣੇ ਸਨ, ਗਵਾਹੀ ਦੇ ਕਾਗਜ਼ਾਂ ਤੇ ਮੋਹਰ ਲਾਣੀ ਸੀ ਤੇ ਫੇਰ ਜਾ ਕੇ ਉਹ ਖੁਦ ਦਸਖ਼ਤ ਕਰਨ ਜੋਗਾ ਹੋਣਾ ਸੀ।

ਹੁਣ ਉਹਨੂੰ ਚੁਰਾਹੇ 'ਚ ਖੜਾ ਕਰ ਦਿਤਾ ਗਿਆ। ਸਰਕਾਰੀ ਅਫ਼ਸਰ ਆਪਣੀ ਕੁਰਸੀ ਨਾਲ ਲੈ ਕੇ ਆਇਆ ਤੇ ਢੰਡੋਰਾ ਪਟਵਾਣਾ ਸ਼ੁਰੂ ਕਰਾ ਦਿਤਾ। ਪਹਿਲਾਂ ਤੇ ਉਹਨੇ ਇਹ ਸਾਬਤ ਕਰੁਵਾਣਾ ਸੀ ਕਿ ਏਹ ਆਦਮੀ ਏ, ਇਹਦੀ ਕੋਈ ਸ਼ਨਾਖਤ ਏ ਤੇ ਇਹ ਤਾਂ ਹੀ ਹੋ ਸਕਦਾ ਏ ਜੇ ਇਸ ਸ਼ਹਿਰ 'ਚ ਕੋਈ ਦੋ ਆਦਮੀ ਸੌਂਹ ਚੁੱਕ ਕੇ ਕਹਿਣ ਕੇ ਇਹ ਕਦੇ ਜਿਉਂਦਾ ਵੀ ਸੀ ਤੇ ਫੇਰ ਗਵਾਹੀ ਪਾਣ ਕਿ ਹੁਣ ਇਹ ਮਰ ਚੁਕਾ ਏ, ਤਾਂ ਜਾ ਕੇ ਇਤਨੀਆ ਦਿਨਾਂ ਦੀ ਰੁਕੀ ਕਾਰਵਾਈ ਕਿਤੇ ਸਿਰੇ ਚੜ ਸਕਦੀ ਏ, ਤੇ ਮੈਂ ਕਾਗਜ਼ਾਂ ਤੇ ਆਪਣੀ ਸਹੀ ਪਾ ਸਕਦਾ ਹਾਂ ਤੇ ਇਸ ਦੀ ਇਸ ਖਲਜਗਣ ਤੋਂ ਖਲਾਸੀ ਹੋ ਸਕਦੀ ਏ।

ਜਦੋਂ ਉਹਨੂੰ ਚੁਰਾਹੇ 'ਚ ਖੜਾ ਕੀਤਾ ਗਿਆ ਤਾਂ ਇਸ ਤਰ੍ਹਾਂ ਲਗੇ ਇਹਨੂੰ ਕਲਾਬਾਜ਼ੀਆਂ ਮਾਰਨ ਲਈ ਪਿੜ 'ਚ ਉਤਾਰਿਆ ਗਿਆ ਏ ਤੇ ਸਰਕਾਰੀ ਅਫ਼ਸਰ ਖੁਦ ਚਲ ਕੇ ਇਹ ਤਮਾਸ਼ਾ ਵੇਖਣ ਆਇਆ ਏ। ਸਰਕਾਰੀ ਅਫ਼ਸਰ ਦੀਆਂ ਹਰਕਤਾ ਤੋਂ ਇਕ ਸਹਿਮ ਜਿਹਾ ਸਾਰੇ ਵਾਤਾਵਰਨ ਤੇ ਛਾਇਆ ਹੋਇਆ ਸੀ ਜਿਦਾਂ ਉਹ ਕੋਈ ਹਊਆ ਹੋਵੇ ਜਿਦਾ ਉਹ ਬੰਦਾ ਨਹੀਂ ਸਗੋਂ ਲੋਕਾਂ ਨੂੰ ਫਾਹੁਣ ਦਾ ਕੋਈ ਜਾਲ ਹੋਵੇ, ਕੋਈ ਸਾਜ਼ਸ਼ ਹੋਵੇ। ਜੇਹੜਾ ਜਿਥੇ ਖੜਾ ਸੀ ਉਥੇ ਹੀ ਰੁਕ ਗਿਆ, ਸਹਿਮ ਗਿਆ ਜਿਦਾਂ ਸਾਹਮਣੇ ਸਰਕਾਰ ਨੇ ਕੋਈ ਨਵੀਂ ਚਾਲ ਲਿਆ ਖੜੀ ਕੀਤੀ ਏ, ਸਾਲਾਂ ਤੋਂ ਤੇ ਸਰਕਾਰ ਨੇ ਇਹੋ ਕੰਮ ਫੜਿਆ ਹੋਇਆ ਨਵੀਆਂ ਨਵੀਆਂ ਚਾਲਾਂ ਖੇਡਣ ਦਾ ਕਦੇ ਉਹ ਲੋਕਾਂ ਨੂੰ ਸ਼ੀਸ਼ਾ ਵਖਾਂਦੀ ਏ, ਕਦੇ ਕਾਲਾ ਤਖਤਾ, ਕਦੇ ਕੋਈ ਕਾਗਜ਼ ਤੇ ਹਰ ਚਾਲ ਨਾਲ ਆਜ਼ਾਦੀ ਤੇ ਝੱਪਟਾ ਮਾਰਦੀ ਏ। ਚੋਰ ਸਪਾਹੀ ਦੀ ਖੇਡ ਤੇ ਹੁਣ ਆਮ ਗਲ ਹੋ ਗਈ ਏ ਤੂੰ ਚੋਰ ਮੈਂ ਸਪਾਹੀ, ਤੂੰ ਅਗੇ ਭਜ, ਮੈਂ ਤੇਰੇ ਪਿਛੇ ਭਜਦਾ। ਗਲੀਆਂ 'ਚ ਮਹਿਲਿਆ 'ਚ ਸੜਕਾਂ ਤੇ ਰਾਹਾਂ ਤੇ ਨਦੀਆਂ ਨਾਲਿਆ ਤੇ ਪਹਾੜਾ ਤੇ ਏਹ ਖੇਡ ਅਕਸਰ ਖੇਡੀ ਜਾ ਰਹੀ ਏ। ਚੋਰ ਹਸਦਾ ਕਿ ਉਹ ਚੋਰ ਨਹੀਂ ਚੋਰ ਖੁਸ਼ ਸੀ ਕਿ ਉਹਨੇ ਸਪਾਹੀ ਨੂੰ ਚੰਗਾ ਕੰਮ ਲਾ ਰਖਿਆ। ਚੋਰ ਨੂੰ ਤਸੱਲੀ ਏ ਕਿ ਉਹ ਫੜਿਆ ਨਹੀ ਜਾਣਾ ਨਾਲੇ ਉਹਨੂੰ ਯਕੀਨ ਹੈ ਕਿ ਜੇ ਫੜਿਆ ਗਿਆ ਤਾਂ ਉਹਨੂੰ ਸਜ਼ਾ ਨਹੀਂ ਮਿਲੇ ਗੀ।

ਚੋਰ ਖ਼ੁਸ਼ ਸੀ ਕਿ ਏਸ ਖੇਡ 'ਚ ਵਕਤ ਵਾਰ-ਵਾਰ ਸੋਹਣਾ ਟਪ ਰਿਹਾ। ਇਕ ਦਿਨ ਚੋਰ ਫੜਿਆ ਗਿਆ, ਗਵਾਹੀਆਂ ਭੁਗਤੀਆ, ਤੇ ਤਸਦੀਕ ਹੋ ਗਿਆ ਕਿ ਏਹੋ ਚੋਰ ਏ। ਇਹ ਸਰਕਾਰੀ ਕਾਰਵਾਈ ਸ਼ਰੇਆਮ ਹੋਈ ਲੋਕ ਵੇਖ ਰਹੇ ਸਨ ਸਮਝ ਰਹੇ ਸਨ ਤੇ ਨਾ ਸਮਝਣ ਦਾ ਬਹਾਨਾ ਕਰ ਰਹੇ ਸਨ। ਏਥੋਂ ਤਕ ਕਿ ਕਿਸੇ ਦੇ ਟੱਬਰ ਦੀ ਇਕ ਜੀ ਗਾਇਬ ਹੋ ਗਿਆ 'ਤੇ ਉਹ ਫੇਰ ਵੀ ਨਾ ਸਮਝੀ ਦਾ ਢੰਗ ਰਚਾਂਦੇ ਰਹੇ। ਗੁਵਾਚ ਗਏ ਨੂੰ ਵਾਕਿਆ ਹੀ ਗੁਵਾਚ ਗਿਆ ਸਮਝਣ ਦਾ ਪਰਭਾਵ ਪਾ ਦਿੰਦੇ ਰਹੇ। ਹੌਲੀ ਹੌਲੀ ਉਹਦੇ ਨਾਲ ਕਿਸੇ ਰਿਸ਼ਤੇ ਤੋਂ ਵੀ ਇਨਕਾਰ, ਕਰਨ ਲਗ ਪਏ। ਕੌਲ ਇਕਰਾਰ ਜਿਹੇ ਲਫਜ਼ਾਂ ਨੂੰ ਰੋਜ਼ ਦਿਹਾੜੀ ਦੀ ਬੋਲ ਚਾਲ ਤੋਂ ਕਢ ਦਿਤਾ ਗਿਆ, ਸ਼ਹਿਰ ਦੇ ਚੋਹਾਂ ਰਿਆ ਤੇ ਚੁਪ ਵਰਤ ਗਈ, ਇਕ ਆਦਮੀ ਦੂਜੇ ਨੂੰ ਸ਼ਕ ਦੀਆਂ ਨਜ਼ਰਾਂ ਨਾਲ ਵੇਖਣ ਲਗ ਪਿਆ, ਏਹ ਕੋਈ ਸ਼ੀਸਾ ਤੇ ਨਹੀਂ ਲੈ ਕੇ ਫਿਰ ਰਿਹਾ, ਏਹਦੇ ਕੋਲ ਕੋਈ ਕਾਲਾ ਤਖਤਾ ਤੇ ਨਹੀਂ। ਲੋਕ ਬੋਲੇ ਬਣ ਬੈਠੇ, ਸਾਂਗ ਰਚਾਣ ਲਗ ਪਏ। ਚੇਹਰਿਆਂ ਤੇ ਚੂਨਾ ਮਿਟੀ ਮਲ ਕੇ ਬਾਹਰ ਅੰਦਰ ਜਾਣ ਲਗ ਪਏ।

ਚੋਰਾਹੇ ਤੇ ਖੜਾ ਉਹ ਆਦਮੀ ਚੀਖ ਰਿਹਾ ਸੀ, ਕਹਿ ਰਿਹਾ ਸੀ; ਮੇਰੀ ਸ਼ਨਾਖਤ ਕਰ ਦਿਉ ਓ ਲੋਕੋ ਮੈਂ ਤੁਹਾਨੂੰ ਸ਼ਨਾਖਤ ਕਰਨ ਨੂੰ ਕਹਿ ਰਿਹਾ ਆਪਣੇ ਜਉਂਦੀ ਰੇਹਿਣ ਦਾ ਕਾਰਨ ਨਹੀਂ ਪੁਛ ਰਿਹਾ। ਮੈਂ ਇਕ ਮਰ ਚੁਕਾ ਬੰਦਾ ਹਾਂ, ਸਰਕਾਰੀ ਅਫ਼ਸਰ ਦੀ ਮਦਦ ਕਰੋ ਗੁਵਾਹੀਆਂ ਭੁਗਤਾ ਦਿਉ ਸਿਰਫ਼ ਦੋ ਗੁਵਾਹੀਆ ਮੇਰੀ ਖਲਾਸੀ ਹੋ ਜਾਏਗੀ ਮੇਰੀ ਪਛਾਣ ਹੋਣੀ ਬੜੀ ਜ਼ਰੂਰੀ ਹੈ, ਜਿਉਂਣ ਲਈ ਵੀ ਤੇ ਮਰਨ ਲਈ ਵੀ।

ਪਰ ਕੋਈ ਵੀ ਉਹਦੇ ਨੇੜੇ ਨਹੀਂ ਆਇਆ ਜਿਦਾਂ ਉਹਨੂੰ ਕੋਈ ਛੂਤ ਦੀ ਬੀਮਾਰੀ ਹੋਵੇ। ਹੌਲੀ ਹੌਲੀ ਭੀੜ ਖਿੰਡਣ ਲਗੀ ਤੇ ਅਖੀਰ ਚੁਪ ਵਰਤ ਗਈ। ਉਹ ਉਥੇ ਇਕੱਲਾ ਰਹਿ ਗਿਆ। ਸਰਕਾਰੀ ਅਫ਼ਸਰ ਨੇ ਆਪਣੀ ਕੁਰਸੀ ਚੁਕੀ ਤੇ ਚਲਦਾ ਬਣਿਆ। ਉਹ ਕੁਝ ਦੂਰ ਸਰਕਾਰੀ ਅਫ਼ਸਰ ਦੇ ਪਿਛੇ ਭੱਜਾ, ਉਹਨੂੰ ਆਵਾਜ਼ਾਂ ਮਾਰੀਆਂ, ਰੋਇਆ ਪਿਟਿਆ ਪਰ ਸਰਕਾਰੀ ਅਫ਼ਸਰ ਨੇ ਪਿਛਾ ਪਰਤ ਕੇ ਨਹੀਂ ਡਿਠਾ। ਹੁਣ ਰਾਤ ਹੋ ਚੁਕੀ ਸੀ ਉਹ ਬਿਨਾਂ ਸ਼ਨਾਖਤ ਦੇ ਜੀ ਰਿਹਾ ਸੀ, ਤੇ ਨਾ ਹੀ ਉਹਨੂੰ ਮੁਰਦਾ ਕਰਾਰ ਦਿੱਤਾ ਗਿਆ ਸੀ ਇਸ ਲਈ ਨਾ ਤੇ ਉਹ ਆਪਣੇ ਘਰ ਦਾ ਬੂਹਾ ਖੜਕਾ ਸਕਦਾ ਸੀ ਤੇ ਨਾ ਹੀ ਕਿਸੇ ਰਿਸ਼ਤੇਦਾਰ ਨੂੰ ਤਾਰ ਪਾ ਸਕਦਾ ਸੀ ਨਾ ਕਿਸੇ ਦੋਸਤ ਨੂੰ ਚਿੱਠੀ ਲਿਖ ਸਕਦਾ ਸੀ। ਉਹ ਸੋਚਾਂ ਦੇ ਜਾਲ 'ਚ ਫੱਸਿਆ 'ਤਿਰਸ਼ੰਕੂ' ਦੀ ਤਰ੍ਹਾਂ ਦੂਹਾਂ ਦੁਨੀਆਂ ਤੋਂ ਬਾਹਰ ਸੀ। ਆਖਰ ਤੰਗ ਆ ਕੇ ਉਹ ਕੰਪਨੀ ਬਾਗ ਦੇ ਇਕ ਬੈਂਚ ਤੇ ਬੈਠ ਗਿਆ, ਉਹਦਾ ਸਰੀਰ ਬੇਹਿਸ ਜਿਹਾ ਗਿਆ ਸੀ, ਦਮਾਗ਼ ਸੁੰਝ ਹੋ ਗਿਆ, ਤੇ ਫੇਰ ਉਹਦੇ ਜਿੱਸਮ ਦੀ ਪੋਰੀ ਪੋਰੀ ਠਰਨ ਲਗ ਪਈ, ਥੁਕਾਵਟ ਨਫ਼ਰਤ ਤੇ ਪ੍ਰੇਸ਼ਾਨੀ ਕਰਕੇ ਉਹ ਨਢਾਲ ਹੋ ਚੁਕਾ ਸੀ, ਨੀਮ ਮੁਰਦਾ ਹੋ ਚੁਕਾ ਸੀ। ਉਸ ਸੁੰਝੇਪਣ ਦੀ ਚਾਦਰ ਤਾਣੀ ਤੇ ਉਸ ਗੁਮਨਾਮ ਗੁਟ ਵਿਚ ਆਪਣੇ ਹਨੇਰੀ ਦੁਨੀਆਂ ਨੂੰ ਵਸਾਣ ਵਿਚ ਰੁਝ ਗਿਆ। ਏਹ ਦਖਫਰਾਮੋਸ਼ੀ ਦੀ ਸਰਹਦ ਸੀ, ਆਖਰੀ ਪੜਾ ਸੀ ਜਿਥੇ ਪਹੁੰਚ ਕੇ ਜ਼ਿੰਦਗੀ ਨੂੰ ਜਾਂਦੇ ਸਾਰੇ ਰਾਹ ਕੱਟੇ ਜਾਂਦੇ ਹਨ। ਉਹਨੂੰ ਕੁਝ ਧਰਾਸ ਜਹੀ ਹੋਈ, ਨਾ ਹਾਂ, ਨਾ ਨਾਂਹ, ਨਾ ਇਕਰਾਰ ਨਾ ਇਨਕਾਰ, ਨਾ ਵਜੂਦ ਦੀ ਮਜੂਦਗੀ ਨਾ ਗੈਰ ਮਜੂਦ-ਗੀ। ਉਹ ਇਕ ਸੁੰਞੀ ਥਾਂ, 'ਨੋ ਮੈਨ ਲੈਂਡ' ਅਬਾਦੀਆ ਤੋਂ ਦੂਰ ਗ਼ੈਰ-ਅਬਾਦੀ ਏ, ਉਹਨੇ ਆਪਣਾ ਜਿਸਮ ਸਮੇਟਿਆ ਤੇ ਦਖਫਰਾਮੋਸ਼ੀ ਦੀ ਸਰਹਦ ਪਾਰ ਕਰ ਗਿਆ।

ਹੌਲੀ ਹੌਲੀ ਪੋਹ ਫਟਾਲਾ ਹੋਣ ਲਗਾ। ਸਵੇਰ ਦੀ ਧੁੰਦ ਚੋਂ ਉਸ ਅੱਖ ਖੋਲੀ ਤੇ ਵੇਖਿਆ ਕਿ ਇਸ ਨਵੀਂ ਅੰਬਾਦੀ ਵਿਚ ਬਹੁਤ ਸਾਰੇ ਲੋਕ ਅਬਾਦ ਹਨ, ਤੇ ਆਪਣੇ ਆਪਣੇ ਦਾਇਰੇ 'ਚ ਚਕਰ ਕਟ ਰਹੇ ਹਨ, ਆਪਣਾ ਆਪਣਾ ਨਾਮ ਪੁਛ ਰਹੇ ਹਨ ਆਪਣੀ ਆਪਣੀ ਸ਼ਨਾਖਤ ਲਭ ਰਹੇ ਹਨ। ਉਹ ਆਪਣੇ ਆਪ ਨੂੰ ਮੁਰਦਾ ਹੋਣ ਦਾ ਐਲਾਨ ਕਰ ਚੁਕੇ ਹਨ, ਉਹਨਾਂ ਦੀ ਵੀ ਕਾਗਜ਼ੀ ਕਾਰਵਾਈ ਮੁਕਮਲ ਨਹੀਂ ਹੋ ਸਕੀ, ਉਹ ਵੀ ਪ੍ਰੇਸ਼ਾਨੀ ਦੇ ਜਾਲ 'ਚ ਫਸੇ ਹੋਏ ਹਨ ਉਹ ਰੋ ਰੋ ਕੇ ਹਾਰ ਚੁਕੇ ਹਨ। ਏਹ ਕਿਹੋ ਜਹੀ ਬਸਤੀ ਏਹਨਾਂ ਵਸਾ ਦਿਤੀ ਏ, ਏਹ ਕਿਸ ਬਸਤੀ ਦੇ ਵਾਸੀ ਹਨ। ਏਹ ਆਤਮਾ ਹੀਣ ਜਿਸਮ ਕਿਥੇ ਘੁੰਮ ਰਹੇ ਹਨ। ਇਕ ਚੀਖ ਢਿੱਡ ਚੋਂ ਉਠਦੀ ਏ, ਤੇ ਸੰਘ 'ਚ ਪਹੁੰਚਣ ਤੋਂ ਪਹਿਲਾਂ ਹੀ ਖਤਮ ਹੋ ਜਾਂਦੀ ਏ। ਹੱਥ ਉਠਦਾ ਤੇ ਖੱਲਾ 'ਚ ਹੀ ਲਮਕਿਆ ਰਹਿ ਜਾਂਦਾ ਏ। ਸ਼ਬਦ ਬਣਦੇ ਹਨ ਤੇ ਆਪਣੇ ਅਰਥ ਗੁਵਾ ਬਹਿੰਦੇ ਹਨ। ਕੋਸ਼ਿਸ਼ ਹੁੰਦੀ ਹੈ ਤੇ ਫਜ਼ੂਲ ਜਾਂਦੀ ਏ। ਗਰਮ ਲਹੂ ਠੰਡਾ ਹੋ ਰਿਹਾ, ਨਾ ਮੌਤ, ਨਾ ਜ਼ਿੰਦਗੀ ਨਾ ਕੋਈ ਖਾਹਿਸ਼, ਨਾ ਖਾਹਿਸ਼ ਤੋਂ ਇਨਕਾਰ। ਉਹ ਬੈਂਚ ਤੇ ਖੜਾ ਹੋ ਗਿਆ, ਕਿਸੇ ਮਲੰਗ ਫ਼ਕੀਰ ਦੀ ਤਰ੍ਹਾਂ ਜਿਸ ਦੀ ਲਿਵ ਲਗੀ ਹੋਵੇ, ਕਿਸੇ ਪੈਗੰਬਰ ਦੀ ਤਰ੍ਹਾਂ ਜੋ ਖ਼ਾਇਸ਼ਾ ਦੇ ਉਤਾਂ ਉਠ ਚੁੱਕਾ ਹੋਵੇ। ਉਹਨੇ ਬੋਲਣ ਦੀ ਕੋਸ਼ਿਸ਼ ਕੀਤੀ, ਹੋਂਠ ਹਿਲੇ ਪਰ ਸ਼ਬਦ ਅਰਥਹੀਣ ਹੋ ਗਏ। ਉਹਦੇ ਚੇਹਰੇ ਦੇ ਉਤਰਾਅ ਚੜਾਅ ਕਿਸੇ ਕੰਮ ਨਾ ਆਏ ਇਸ਼ਾਰੇ ਫਜ਼ੂਲ ਹੋ ਗਏ, ਇਕ ਸੰਨ ਸਾਧ ਗਈ, ਇਕ ਖਲਾਅ ਪੈਦਾ ਹੋ ਗਿਆ, ਘੇਰਾ ਹੋਰ ਮੋਕਲਾ ਹੋ ਗਿਆ।

ਏਨੇ ਵਿਚ ਸਰਕਾਰੀ ਅਫ਼ਸਰ ਚਾਰ ਆਦਮੀਆਂ ਨਾਲ ਆ ਟਪਕਿਆ । ਹੁਣ ਧੁਪ ਹੋਰ ਤੇਜ਼ ਹੋ ਚੁਕੀ ਸੀ । ਗਰਮੀ ਨਾਲ ਠੰਡਾ ਪਸੀਨਾ ਆ ਰਿਹਾ ਸੀ । ਬਿਨਾਂ ਉਮੀਦ ਦੇ ਉਹ ਉਮੀਦ ਬਨ ਰਿਹਾ ਸੀ, ਕਿਸੇ ਦਸਖਤ-ਕਾਰ ਦੀ ਉਡੀਕ ਕਰ ਰਿਹਾ ਸੀ, ਬਿਨਾਂ ਉਮੀਦ ਬਿਨਾਂ ਆਵਾਜ਼, ਬਿਨਾਂ ਤਾਕਤ ਬਿਨਾਂ ਭਰੋਸੇ – ਤੇ ਸਰਕਾਰੀ ਅਫ਼ਸਰ ਨੇ ਉਹਨੂੰ ਕਿਹਾ – ਐ ਇਸ ਸ਼ਹਿਰ ਦੇ ਬਦ-ਨਸੀਬ ਸ਼ਹਿਰੀ ਤੇਰੀ ਸ਼ਨਾਖ਼ਤ ਹੋ ਚੁਕੀ ਹੈ, ਇਹ ਚਾਰ ਆਦਮੀ ਜੋ ਮੇਰੇ ਨਾਲ ਤਸ਼ਰੀਫ ਲਿਆਏ ਨੇ ਇਥੋਂ ਦੇ ਬਾਇੱਜ਼ਤ ਸ਼ਹਿਰੀ ਹਨ ਅਹੁਦੇਦਾਰ ਹਨ । ਸਰਕਾਰੀ ਗਵਾਹ ਹਨ, ਸਰਕਾਰੀ ਮਸ਼ੀਨ ਦੇ ਕੁਝ ਪੁਰਜ਼ੇ ਹਨ ਤੇ ਸਰਕਾਰੀ ਕਾਰਵਾਈ ਇਹਨਾਂ ਦੀ ਬਦੌਲਤ ਚਲਦੀ ਏ, ਇਹ ਜੋ ਢੇਰ ਸਾਰੀਆਂ ਫਾਈਲਾਂ, ਮੈਂ ਜੀਪ 'ਚ ਲੈ ਕੇ ਆਇਆ, ਇਹਨਾਂ 'ਚ ਤੇਰੇ ਸਾਰੇ ਕਾਰਨਾਮੇ ਅਜ ਦਰਜ ਹਨ, ਜਿਨਾਂ ਦੀ ਬਿਨਾ ਤੇ ਤਸਦੀਕ ਹੁੰਦੀ ਏ, ਤੇਰੇ ਵਜੂਦ ਦੀ ਜਿਨਾਂ ਦੇ ਕਾਰਨ ਤੈਨੂੰ ਮੁਰਦਾ ਨਹੀਂ ਜਿਉਂਦਾ ਕਰਾਰ ਦਿਤਾ ਜਾਂਦਾ । ਤੇ ਸਰਕਾਰੀ ਗਵਾਹਾਂ ਨੇ ਆਪਣੀਆਂ ਆਪਣੀਆਂ ਫਾਈਲਾਂ ਖੋਲੀਆਂ ਤੇ ਤੋਤਾ-ਰਟਣ ਦੀ ਤਰ੍ਹਾਂ ਉਹਦੇ ਕਾਰਨਾਮਿਆਂ ਦਾ ਉਲੇਖ ਕੀਤਾ ।

– ਕਿ ਤੂੰ ਮੁਰਾਦਾਬਾਦ ਸੀ ਜਦੋਂ ਫਸਾਦ ਹੋਏ ਸਨ ਤੂੰ ਬਿਹਾਰ ਸ਼ਰੀਫ 'ਚ ਮੌਜੂਦ ਸੈਂ ।

ਤੂੰ ਭਾਗਲ ਪੁਰ 'ਚ ਸੈਂ ਜਦੋਂ ਕੈਦੀਆਂ ਨੂੰ ਅੰਨ੍ਹਿਆਂ ਕੀਤਾ ਗਿਆ ਸੀ ।

ਤੂੰ ਉਸ ਵਾਰਦਾਤ 'ਚ ਗਵਾਹ ਏਂ ਜਿਸ 'ਚ ਇਕ ਔਰਤ ਨੂੰ ਗੈਂਗ ਰੇਪ ਕੀਤਾ ਗਿਆ ਸੀ ।

ਤੂੰ ਉਸ ਡੀਲ 'ਚ ਸ਼ਾਮਲ ਸੈਂ ਜਿਸ ਵਿਚ ਇਕ ਇੰਡਸਟਰੀ ਵਾਲੇ ਨੂੰ ਨੈਸ਼ਨਲਾਈਜ਼ਡ ਬੈਂਕ ਚੋਂ ਪੰਜਾਹ ਲਖ ਰੁਪਏ ਦਾ ਕਰਜ਼ਾ ਦਿਤਾ ਗਿਆ ਸੀ ਤੇ ਫਿਰ ਉਸ ਫੈਕਟਰੀ ਨੂੰ 'ਸਿੱਕ ਫੈਕਟਰੀ' (ਬਿਮਾਰ ਫੈਕਟਰੀ) ਕਰਾਰ ਦੇਣ ਦੀ ਸਲਾਹ ਦਿਤੀ ਗਈ ਸੀ ਤੇ ਫੇਰ ਉਸ ਸਿਕ ਫੈਕਟਰੀ ਨੂੰ ਚਲਾਣ ਲਈ ਪੰਜਾਹ ਲਖ ਦਿਤੇ ਗਏ ਸਨ ਤਾਂ ਕਿ ਉਹ ਇਨਡਸਟ੍ਰੀਅਲਿਸਟ ਤੇ ਉਹਦੀ ਸੰਤਾਨ ਸ਼ਾਨ ਨਾਲ ਰਹਿ ਸਕਣ, ਫਲੈਟ ਖਰੀਦ ਸਕਣ, ਕਾਰਾਂ ਖਰੀਦ ਸਕਣ, ਅਯਾਸ਼ੀ ਕਰ ਸਕਣ ।

ਇਕ ਦੇ ਬਾਦ ਇਕ ਫਾਈਲ ਡਿਗਦੀ ਗਈ, ਫਾਈਲਾਂ ਦੇ ਢੇਰ ਲਗਦੇ ਗਏ । ਤੇ ਜਦੋਂ ਉਹਦੇ ਜੁਰਮਾਂ ਦੀ ਫਹਿਰਿਸਤ ਤਕਰੀਬਨ ਤਕਰੀਬਨ ਮੁਕੰਮਲ ਹੋ ਗਈ ਤਾਂ ਉਸ ਸ਼ਹਿਰੀ ਨੇ ਆਪਣੇ ਹੱਥ ਜੋੜੇ, ਇੱਜ਼ਤ-ਦਾਰ ਸਰਕਾਰੀ ਗਵਾਹਾਂ ਦੇ ਪੈਰ ਛੋਹੇ, ਭਰੇ ਹੋਏ ਗਲੇ ਨਾਲ ਮਿੰਨਤ ਭਰੀ ਆਵਾਜ਼ 'ਚ ਕਿਹਾ ਕਿ ਮੈਂ ਸਰ-ਕਾਰ ਕੋਲ ਇਹੋ ਅਰਜ਼ ਗੁਜ਼ਾਰਨੀ ਏ ਕਿ ਇਹਨਾਂ ਜੁਰਮਾਂ ਕਾਰਨ, ਇਹਨਾਂ ਪਾਪਾਂ ਕਾਰਨ ਮੈਂ ਆਪਣੇ ਆਪ ਨੂੰ ਮੁਰਦਾ ਕਰਾਰ ਦੇ ਰਿਹਾ ਹਾਂ, ਮੈਂ ਆਪਣੇ ਆਪ ਨੂੰ ਖੁਦ ਮੌਤ ਦੀ ਸਜ਼ਾ ਸੁਣਾਂਦਾ ਹਾਂ ਇਸੇ ਕਾਰਨ ਮੈਂ ਆਪਣੀ ਸ਼ਨਾਖਤ ਗੁਆ ਬੈਠਾ ਹਾਂ । ਇਸ ਤੋਂ ਵਡੀ ਸਜ਼ਾ ਕੋਈ ਸਰਕਾਰ ਕਿਸੇ ਸ਼ਹਿਰੀ ਨੂੰ ਨਹੀਂ ਦੇ ਸਕਦੀ ਏ ? ਇਸ ਲਈ ਮੈਂ ਹੱਥ ਬੰਨ੍ਹ ਅਰਜ਼ ਗੁਜ਼ਾਰਦਾ ਹਾਂ ਕਿ ਸਰਕਾਰੀ ਗਵਾਹ ਹਾਜ਼ਰ ਹਨ, ਗਵਾਹੀ ਦੇ ਕਾਗਜ਼ ਹਾਜ਼ਰ ਹਨ, ਦਸਖਤ ਕਰਨ ਦੀ ਦੇਰ ਏ — ਮੈਨੂੰ ਮਰਿਆ ਹੋਇਆ ਕਰਾਰ ਦਿਤਾ ਜਾਏ ਤੇ ਮੇਰੀ ਜਾਨ ਇਸ ਖਲਜਗਣ ਤੋਂ ਛੁਟ ਜਾਏ ।

ਸਰਕਾਰੀ ਅਫ਼ਸਰ ਨੇ ਸਿਰ ਹਲਾ ਕੇ ਇਨਕਾਰ ਕਰ ਦਿਤਾ ਕਿ ਉਹ ਮਰਿਆ ਹੋਇਆ ਏ, ਉਹਨੇ ਕਾਗਜ਼ੀ ਕਾਰਵਾਈ ਨੂੰ ਅਗੇ ਤੋਰ ਦਿਆਂ ਕਿਹਾ – "ਤੂੰ ਮੁਜਰਮ ਏਂ, ਤੇਰੇ ਤੇ ਮੁਕਦਮਾ ਚਲਾਇਆ ਜਾਏਗਾ ਇਸ ਤੋਂ ਪਹਿਲਾਂ ਤੈਨੂੰ ਹਵਾਲਾਤੇ ਰਖਿਆ ਜਾਏਗਾ, ਫਿਰ ਮੁਕ-ਦਮਾ, ਮੁਕਦਮੇ ਦੇ ਬਾਅਦ ਸਜ਼ਾ ਇਹ ਕਾਰਵਾਹੀ ਏ, ਇਸ 'ਚ ਕੁਝ ਏਧਰ ਉਧਰ ਨਹੀਂ ਹੋ ਸਕਦੀ, ਤੂੰ ਮੁਰਦਾ ਨਹੀਂ ਤੂੰ ਜ਼ਿੰਦਾ ਏਂ ਅਤੇ ਐਸੇ ਸ਼ਹਿਰੀਆਂ ਦੀ ਸਰਕਾਰ ਨੂੰ ਤੇਰੀ ਬਹੁਤ ਭਾਲ ਏ । ਸਰਕਾਰੀ ਕਾਰਵਾਈ ਚਲਾਣ ਲਈ ਲੋੜ ਹੈ, ਅਲੈਕਸ਼ਨ ਲਈ ਲੋੜ ਹੈ, ਇਸੇ ਤਰ੍ਹਾਂ ਦੇ ਨੀਮ ਮੁਰਦਾ ਨੀਮ ਜ਼ਿੰਦਾ ਸ਼ਹਿਰੀਆਂ ਦੇ ਸਹਾਰੇ ਚੋਣਾਂ ਜਿਤੀਆਂ ਜਾ ਸਕਦੀਆਂ ਨੇ, ਇਹੋ ਜਿਹੇ ਸ਼ਹਿਰੀ ਹੀ ਸਰਕਾਰ ਦੀ ਬੁਨਿਆਦ ਹਨ ।

ਅਗੇ ਅਗੇ ਸਰਕਾਰੀ ਅਫ਼ਸਰ ਤੁਰ ਰਿਹਾ ਸੀ, ਦੂਰ ਸਰਕਾਰੀ ਜੀਪ ਖੜੀ ਸੀ, ਵਿਚਕਾਰ ਸ਼ਹਿਰੀ ਤੇ ਸਭ ਤੋਂ ਪਿਛੇ ਸਰਕਾਰੀ ਗਵਾਹ ਜੁਰਮ ਦੀਆਂ ਫਾਈਲਾਂ ਚੁਕੀ ਜਾ ਰਹੇ ਸਨ ਸਾਰਿਆਂ ਨੂੰ ਕਾਗਜ਼ੀ ਕਾਰਵਾਈ ਪੂਰੀ ਕਰਨੀ ਸੀ ।

ਸ਼ਹਿਰੀ ਦੇਖਣਾ ਚਹੁੰਦਾ ਸੀ ਕਿ ਉਸਨੂੰ ਮਰੇ ਨੂੰ ਇਕ ਹਫਤਾ ਹੋ ਚੁਕਾ ਪਰ ਸ਼ਬਦ ਆਪਣੇ ਅਰਥ ਗਵਾ ਚੁਕੇ ਸਨ । ○

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਲੋਂ ਛਪੀ ਸ਼ਿਵਚਰਨ ਗਿੱਲ
ਦੀ ਨਵੀਂ ਕਹਾਣੀਆਂ ਦੀ ਕਿਤਾਬ **'ਸਰਾਪੀਆਂ ਰੂਹਾਂ'** – ਮੁਲ 4.00

ਕਹਾਣੀ

# ਏਹ ਹਮਾਰਾ ਜੀਵਣਾ

o

## ਜਰਨੈਲ ਸਿੰਘ 'ਰਾਹੀ'

ਚੜ੍ਹਦੀ ਸਿਆਲ ਦੀ ਰੁੱਤ ।

ਨਰਮੇਂ ਕਪਾਹੇਂ ਖਿੜ੍ਹ ਰਹੀਆਂ ।

ਲਾਜੋ ਕੁਝ ਆਸਵੰਦ ਹੈ, ਨਰਮਾ ਚੁਗੇਗੀ ਕੁਝ ਪੈਸੇ ਕਮਾਏਗੀ — ਘਰੇਲੂ ਜ਼ਿੰਦਗੀ ਕੁਝ ਹੌਲੇ ਹੋਵੇਗੀ ।

ਬਿੱਲਾ ਉਹਦੇ ਘਰ ਵਾਲਾ ਜੋ ਵੱਡੇ ਸਰਦਾਰਾਂ ਦੇ ਸੀਰੀ ਹੈ — ਜੋ ਰਾਤੀਂ ਦੋ ਵਜੇ ਦਾ ਧਾਣੀ ਲਾਉਣ ਗਿਆਂ ਹੈ ।

"ਚੰਦਰਿਆਂ ਸਾਡੀ ਜਵਾਨੀ ਤਾਂ ਰੋਲਤੀ, ਇਹਨਾਂ ਸਰਦਾਰਾਂ, ਜ਼ਿਮੀਦਾਰਾਂ, ਸ਼ਾਹੂਕਾਰਾਂ । ਜਦ ਦੀ ਵਿਆਹੀ ਕਦੇ ਮੇਰੇ ਬਿੱਲੇ ਨੂੰ ਚੱਜ ਨਾਲ ਘਰੇ ਨਹੀਂ ਠਹਿਰਨ ਦਿਤਾ।

ਖੜੀ ਲਾਜੋ ਆਪਣੇ ਆਪ ਨਾਲ ਗੱਲਾਂ ਕਰਨ ਲਗ ਪਈ। ਵਿਆਹ ਵੇਲੇ ਬਿੱਲਾ ਕਹਿੰਦਾ ਹੁੰਦਾ ਸੀ ਬੜੇ ਮਾਣ ਨਾਲ — "ਸਰਦਿਆਰਾਂ ਅੱਠ ਦਿਨਾਂ ਦੀ ਛੁੱਟੀ ਦਿਤੀ ਐ, ਬੜਾ ਚੰਗਾ ਐ ਮੇਰਾ ਸਰਦਿਆਰ"

ਸਰਦਾਰਾਂ ਬਿੱਲੇ ਨੂੰ ਅੱਠ ਦਿਨਾਂ ਦੀ ਛੁੱਟੀ ਦਿੱਤੀ — ਤਿੰਨ ਦਿਨ ਘਰੇ ਬਿਤਾਏ — ਚੌਥੇ ਦਿਨ ਵਿਆਹ — ਅਗਲੇ ਦਿਨ ਮੁਕਲਾਵਾ ਤੇ ਅਗਲੇ ਦੋ ਚਾਰ ਦਿਨਾਂ ਵਿਚ ਘਰ ਕਢੀ ਸ਼ਰਾਬ ਨਾਲ ਗਲਤਾਨ ਰਹਾ ।

ਸਰਦਾਰਾਂ ਦਾ ਸ਼ਿਵਜੀਤ ਮੈਨੂੰ ਮਖੌਲ ਕਰਦਾ ਰਿਹਾ ਜੰਞ ਵਾਲੀ ਟਰਾਲੀ ਵਿਚ ਆਉਂਦੇ ਹੋਏ । (ਪਰ ਬਿਲਾ ਸਾਰੇ ਰਾਹ ਸ਼ਰਾਬੀ ਰਿਹਾ) ਮੈਨੂੰ ਟੁਣਕਿਆ ਇਹਦੇ ਗਲ ਪੈ ਜਾਵਾਂ ਪਰ ਸੋਚਿਆ — ਮੇਰੀ ਮਾਂ ਤੇ ਪਿਉ ਵੀ ਤ ਪਿੰਡ ਦੇ ਗਿੱਲ ਜ਼ਿਮੀਦਾਰਾਂ ਦੇ ਸੀਰੀ ਨੇ ਉਹਦੀ ਮਿਹਰ-ਬਾਨੀ ਸਦਕਾ, ਮੇਰੀ ਮਾਂ ਕਹਿੰਦੀ ਹੁੰਦੀ ਸੀ ਬੜਾ ਚੰਗਾ ਸਰਦਿਆਰ ਆਪਣਾ ।

ਕਿਉਂ ਕਹਿੰਦੀ ਸੀ ? ਹੁਣ ਪਤਾ ਲਗਦਾ — ਹੁਣ ਬਾਲਤੀ ਤਾਂ ਨਹੀਂ ਕਿਤੇ । ਤੇ ਹੁਣ ਵਿਹ ਟਰਾਲੀ ਵੀ ਤੇ ਮੇਰੇ ਸਹੁਰਿਆਂ ਦੇ ਸਰਦਾਰਾਂ ਦੀ ਹੈ — ਇਹਦੇ 'ਚ ਮੇਰਾ ਦਾਜ ਪਿਆ ਹੈ — ਛੋਟਾ ਜਿਹਾ ਸੰਦੂਕ — ਇਕ ਸੂਤ ਦਾ ਮੰਜਾ (ਉਸ ਸੂਤ ਦਾ ਜਿਹੜੀ ਮਾਂ ਤੇ ਮੈਂ ਪਿਛਲੀ ਨਰਮੇਂ ਕਪਾਹਾਂ ਦੀ ਰੁਤੇ ਸਿਲ੍ਹਾ ਚੁਗ ਚੁਗ ਬਣਾਇਆ ਸੀ ।)

ਸੰਦੂਕ ਆਮ ਸੰਦੂਕਾ ਨਾਲੋਂ ਛੋਟਾ — ਸਰਦਾਰਾਂ ਦੀ ਟਰਾਲੀ ਵਿਚਾਲ਼ੇ — ਵਿਚ ਅਸੀਂ ਤੇ ਖੂੰਜੇ ਲਿਟਿਆ ਮੇਰਾ ਬਿੱਲਾ ।

ਸਹੁਰਿਆਂ ਦਾ ਘਰ — ਦੋ ਚਾਰ ਦਿਨ ਰੌਣਕ — ਫੇਰ ਮੇਰੇ ਬਿੱਲੇ ਦੀ ਛੁਟੀ ਮੁਕ ਗਈ ।

ਮੇਰੇ ਪਿਉ ਨੇ ਬਿੱਲੇ ਹੋਰਾਂ ਤੋਂ ਅੱਠ ਸੌ ਰੁਪਈਆ ਲਿਆ — ਸਾਡੇ ਗੁਆਂਢ ਰਫੂਜੀ ਭਾਊਆ ਦੀ 'ਮੰਨੋ' ਕਹਿੰਦੀ "ਏਹ ਕੁੜੀਆਂ ਨੂੰ ਵੇਚਦੇ ਹੁੰਦੇ ਐ ।" ਮੈਂ ਅੰਤਾਂ ਦਾ ਦੁਖ ਪੀ ਗਈ — ਭਲਾ ਇਸਨੂੰ ਕਿਵੇਂ ਸਮਝਾਵਾਂ — ਕਿਉਂ ਵੇਚਦੇ ਐ ? ਸੱਦੀਆਂ ਤੋਂ ਅਸੀਂ 'ਉਧਲੀ ਮੁਧਲੀ' ਜ਼ਮੀਰ ਵਾਲੇ — ਚੁਪਾਂ ਸਹਿੰਦੇ ਆਏ — ਕੋਈ 'ਚੌਥਾ ਪਾਉੜਾ' ਦਸਦਾ" — ਪੜੇ ਲਿਖੇ, 'ਬਾਈ ਤਾਂ ਨਹੀਂ ਕਿਤੇ' ਦਸਦੇ ਐ । ਜਟ — 'ਸਾਲੇ, ਮੱਜ਼ਬੀ, ਚੂਹੜੇ ਤੇ ਅਸੀਂ ਆਪਣੇ ਆਪ ਨੂੰ ਕਦੇ ਚੰਗਾ ਨਾ ਕੁਹਾ ਸਕੇ । ਅੰਤਾਂ ਦੀ ਚੁਪ ਸਹਿੰਦੇ ਆਏ । ਅਸੀਂ ਪੁਰਾਣੇ ਤੇ ਨਵੇਂ ।

"ਇਕੇਰਾਂ ਨਿੱਕੀ ਹੁੰਦੀ ਮੈਂ ਮਾਂ ਕੋਲੋਂ ਪਛ ਬੈਠੀ — ਆਪਾਂ ਜੱਟ ਹੁੰਨੇ ਆਂ — ਛੱਪੜੀ ਵਾਲਾ ਆਪਣਾ ਖੇਤ ਐ ਨਾ — ਤਾਂ ਫੇਰ ਜ਼ੈਲਾ ਫਲੀਆਂ ਕਿਉਂ ਨਹੀਂ ਤੋੜਣ ਦਿੰਦਾ ? ਤੇ ਹੋਰ ਬੜਾ ਕੁਝ ਪੁਛਿਆ । "ਆਪਾਂ ਮੱਜ਼ਬੀ ਸਿੱਖ ਹੁੰਨੇ ਆਂ" — ਮਾਂ ਜਬਾਬ ਦਿੰਦੀ ।

"ਰੱਖੋ ਤਾਂ ਮੈਨੂੰ ਚੂਹੜੀ ਕਹਿੰਦੀ ਹੈ — ?"

"ਉਹਨੂੰ ਪਤਾ ਨਹੀਂ ਹੋਣਾ ।"

"ਪਰ ਮਾਂ ਮੱਜ਼ਬੀ ਸਿੱਖਾਂ ਤੇ ਜੱਟ ਸਿੱਖਾਂ 'ਚ ਕੀ ਫਰਕ ਐ — ?

ਕੀ ਜਿੰਨ੍ਹਾਂ ਕੋਲ ਜ਼ਮੀਨ ਜ਼ਿਆਦਾ ਹੁੰਦੀ ਐ — ਉਹ ਜੱਟ ਸਿੱਖ ਹੁੰਦੇ ਐ — ਹੈਂ ?"

ਮਾਂ ਰੋਣ ਹਾਕੀਆਂ ਅੱਖਾਂ ਕਰ ਲੈਂਦੀ, ਤੇ ਆਵਾਜ਼ ਉਹਦੇ ਗਲੇ ਵਿਚ ਅਟਕ ਜਾਂਦੀ — ਰੁਕ ਕੇ ਬੋਲਦੀ — "ਛੱਡਿਆ ਕਰ ਜਾ ਪਰੇ ਸੌਂ ਜਾ" — ਪ੍ਰਸ਼ਨ ਉਤੇ ਪ੍ਰਸ਼ਨ — ਉੱਤਰ ਕੋਈ ਨਾ । ਅਸੀਂ ਦੋਵੇਂ ਚੁਪ ਚਾਪ ਸੌਂ ਜਾਂਦੀਆਂ ਸਾਂ — ਇਹਨਾਂ ਗੱਲਾਂ ਤੋਂ ਬਾਅਦ ।

ਨੂੰ ਜਿਵੇਂ ਕਿਤੇ ਮੈਂ ਅਜੇਹੀਆਂ ਗੱਲਾਂ ਕਰਦੀ — ਰਾਤ ਨੂੰ ਹੌਲ ਪੈ ਜਾਂਦਾ ਸੀ — ਬਾਪੂ ਘਰੇ ਹੁੰਦਾ ਤਾਂ ਸੰਭਾਲ ਲੈਂਦਾ ਸੀ, ਪਰ ਜਿਸ ਦਿਨ ਬਾਪੂ ਘਰੇ ਨਾ ਹੁੰਦਾ ਤਾਂ ਮਾਂ ਨੂੰ ਸੰਭਾਲਣਾ ਮੈਨੂੰ ਬਹੁਤੇ ਔਖਾ ਜਿਹਾ ਹੁੰਦਾ ਸੀ — ਤੇ ਮੈਨੂੰ ਆਪ ਡਰ ਜਿਹਾ ਲਗਣ ਲਗ ਜਾਂਦਾ — ਛੋਟਾ 'ਘੁਦੂ' ਰੋਣ ਲਗ ਜਾਂਦਾ — ਵਿਚਾਰਾ ਆਪਣੀਆਂ ਬੱਕਰੀਆਂ ਚਰਾਉਦਾਂ ਥੱਕ ਜਾਂਦਾ ਸੀ — ਤੇ ੱਡਾ 'ਘੋਟੂ' ਵੀਰਾ ਸਰਦਾਰਾਂ ਦੀਆਂ ਮੱਝਾਂ ਚਰਾਉਦਾਂ ਸੀ । ਆਥਣੇ ਰਾਤ ਗਈ ਤੇ ਘਰ ਆਉਂਦਾ ਤੇ ਦਸਦਾ । 'ਅੱਜ ਸਰਦਾਰਨੀ ਨੇ ਖੀਰ ਬਣਾਈ ਸੀ । ਮੈਨੂੰ ਬਾਟੀ ਭਰ ਕੇ ਦਿਤੀ — ਅੱਗੇ ਤਾਂ ਬਾਟੀ ਮੇਰੀ ਉਣੀ ਰੱਖਦੀ

ਸੀ – ਹੁਣ ਤਾਂ ਸਿਰਦਾਰਣੀ ਭਰ ਦਿੰਦੀ ਐ – ਭੀਜੀ ਮੱਝ ਵੀ ਸੂ ਪਈ ਐ ਨਾ – ਸਵੇਰੇ ਜਾਣ ਵੇਲੇ ਮੈਨੂੰ ਸਿਰਦਾਰਨੀ ਇਕ ਡਲੀ ਗੁੜ ਦੀ ਤੇ ਦੋ ਰੋਟੀਆਂ ਪੱਲੇ ਬੰਨ੍ਹ ਦਿੰਦੀ ਐ ਤੇ ਘੋਦੂ ਵਿਚਾਰਾ ਲਿੱਸਾ – ਸਵੇਰੇ ਮੈਂ ਉਹਨਾਂ ਨੂੰ ਮਿਰਚਾਂ (ਸਾਡੇ ਘਰਾਂ ਵਿਚ ਮਿਰਚਾਂ ਦੀ ਵੱਡ ਖਾਣੀ ਸੂਹੀ ਚੱਟਣੀ ਰੋਜ਼ਾਨਾ ਖਾਂਦੇ ਨੇ) ਦੀ ਚੱਟਣੀ ਵਿਚ ਦੋ ਰੋਟੀਆਂ ਪਾ ਦਿੰਦੀ – ਤੇ ਘੁਦੂ ਆਪਣੀਆਂ ਬੱਕਰੀਆਂ ਛੱਡ ਲੈਂਦਾ ਤੇ ਬਾਹਰ ਖੇਤਾਂ ਵਲ ਚਰਾਉਣ ਚਲੇ ਜਾਂਦਾ – ਥੱਕਿਆ ਟੁਟਿਆ ਸ਼ਾਮੀ ਘਰ ਪਹੁੰਚਦਾ।

ਜੇ ਕਿਤੇ 'ਜ਼ੋਰਾ' ਗਿੱਲ ਸਾਡੇ ਘਰੇ ਆਉਂਦਾ – ਅਸੀਂ ਬੜੇ ਖ਼ੁਸ਼ ਹੁੰਦੇ ਸਾਂ ਸਰਦਾਰ ਸਾਡੇ ਘਰ ਆਇਆ।

ਪਰ ਮੈਂ ਉਹਨੂੰ ਚੰਗੀ ਤਰ੍ਹਾਂ ਵਾਚਦੀ, ਇਹਦੇ ਕਪੜੇ ਚੰਗੇ ਐ — ਰੰਗ ਇਹਦਾ ਲਾਲ ਲਾਲ ਪਿਆ – ਹੱਡ ਪੈਰ ਮੋਟੇ ਆ – ਮੇਰੇ ਬਾਪੂ ਨਾਲੋਂ ਤਾਂ ਬਹੁਤ ਤਕੜਾ ਐ।

ਮੈਂ ਗੁਆਂਢੀ 'ਰਫ਼ੂਜੀਆਂ' ਦੀ ਕੁੜੀ ਨਾਲ ਸਕੂਲ ਜਾਂਦੀ – ਮੈਂ ਸਭ ਤੋਂ ਹੁਸ਼ਿਆਰ ਸਾਂ – ਪਰ ਮਾਸਟਰਨੀ ਬੜੀ ਚੰਦਰੀ ਸੀ – ਮੈਨੂੰ ਤੇ ਮੇਰੇ ਵਿਹੜੇ ਵਾਲੇ ਦੋ-ਚਾਰ ਨੀਵੀਂ ਜ਼ਾਤੀ ਦੇ ਜੁਆਕਾਂ ਨਾਲ ਉੱਕਾ ਪਿਆਰ ਨਾ ਕਰਦੀ – ਕਦੇ ਉਹਨੇ ਸਾਡੇ ਸਿਰ 'ਤੇ ਹੱਥ ਨਾ ਧਰਿਆ — ਪਰ ਬਾਣੀਆਂ ਤੇ ਜ਼ਿਮੀਦਾਰਾਂ ਦੇ ਸੁਹਣੇ ਸੁਹਣੇ ਕਪੜਿਆਂ ਵਾਲੇ ਜੁਆਕਾਂ ਨੂੰ ਉਹ ਬੁੱਕਲ ਵਿਚ ਲੈ ਕੇ ਪਿਆਰ ਕਰਦੀ — ਅਸੀਂ ਵੀ ਢੀਠਾਂ ਤਾਣ ਉਹਨਾਂ ਬੱਚਿਆਂ ਵਲ ਵਿਹੁੰਦੇ; ਉਹ ਬੱਚੇ ਸਾਡੇ ਵਿਚ ਘਟ ਈ ਬਹਿੰਦੇ – ਸਾਡੇ ਕਪੜੇ ਵੀ ਮੈਲੇ ਤੇ ਪੈਰ ਵੀ ਬਿਨ ਜੁਤੀਓਂ ਹੁੰਦੇ – ਇਕੇਰਾਂ ਸਾਨੂੰ ਸਕੂਲੋਂ ਜੁਤੀਆਂ ਦਿੱਤੀਆਂ ਗ਼ਈਆਂ – ਅਸੀਂ ਬੜੇ ਖ਼ੁਸ਼ ਹੋਏ ਸਾਂ।

ਜੇ ਕਿਤੇ ਪਿੰਡ ਵਿਚ ਜੱਗ ਹੁੰਦਾ, ਚੌਲ ਬਣਦੇ ਤਾਂ ਸਾਡੇ ਮੁਹੱਲੇ ਦੀਆਂ ਔਰਤਾਂ ਤੇ ਬੱਚੇ (ਵਿੱਚੇ ਮੈਂ) ਬਾਟੀਆਂ ਤੇ ਕੌਲੇ ਚੱਕ ਕੇ ਤੁਰ ਪੈਂਦੇ। ਉਥੇ ਰਜਦੇ – ਲੁਕਾ ਲੁਕਾ ਕੇ ਘਰੇ ਵੀ ਲਿਆਉਂਦੇ — ਚੌਲਾਂ ਵਾਲੀਆਂ ਬਾਟੀਆਂ ਉਤੇ ਮੈਲੀਆਂ ਮੈਲੀਆਂ ਚੁੰਨੀਆਂ ਦੇਕੇ ਇਕੇਰਾਂ ਮੈਂ ਇਕ ਕਾਲਜ 'ਚ ਪੜ੍ਹਦੇ ਮੁੰਡੇ ਨੂੰ — ਇਹ ਕਹਿੰਦਿਆਂ ਸੁਣਿਆ – "ਆਹ ਸਾਲੀ 'ਝੱੜਕ' ਜਾਂਦੀ ਦੇਖ ਕਿਵੇਂ ਬਾਟੀਆਂ ਬੱਠਲ ਚੁਕੀ – ਨੀਤਾਂ ਬੁਰੀਆ ਮਾੜੀਆਂ ਨੇ ਸੌਹਰੀਆਂ ਕੰਜਰਾਂ ਦੇ ਦੀਆਂ – ਮੈਨੂੰ ਬੜਾ ਦੁਖ ਹੋਇਆ – ਹੋਰ ਤਾਂ ਕਹਿੰਦੇ ਆਏ – ਪਰ ਇਹ ਪੜ੍ਹੇ ਲਿਖੇ ਵੀ –? ਕਈ ਵਾਰੀ ਮੈਂ ਸੋਚਦੀ ਅਸੀਂ ਰੱਜਦੇ ਕਿਉਂ ਨਹੀਂ ? ਪਰ ਕਦੇ ਰੱਜਣ ਜਿੰਨ੍ਹਾਂ ਮਿਲੇ ਤਾਂ ਕੁਝ ਕਹਿ ਸਕੀਏ। ਕਦੇ ਮੈਂ ਮਹਿਸੂਸ ਕਰਦੀ — ਮੈਂ ਦੁਧ ਨਾਲ, ਖੀਰ ਨਾਲ, ਕਦੇ ਰਜ ਨਹੀਂ ਸੱਕਦੀ – ਭਲਾ ਦਬਕੇ ਫਲ ਖਾਧੇ ਜਾਣ ਕਿ ਹੋਰ ਖਾਣ੍ਹੇ ਬੰਦ ਹੋ ਸਕਦੀ ਹਾਂ ? ਜੇ ਦੁਧ ਪੂਰਾ ਦਬਕੇ ਪੀਤਾ ਜਾਵੇ ਤਾਂ ਕੀ ਮਹਿਸੂਸ ਹੋਵੇ ?

ਖੈਰ ਡਰ ਲਗਦਾ ਹੈ – ਜੇ ਕਿਤੇ ਇਹ ਗਲ ਕਿਸੇ ਹੋਰ ਨੂੰ ਵੀ ਪਤਾ ਲਗ ਜਾਵੇ ਤਾਂ ਉਸ ਮੈਨੂੰ ਚੂਹੜੀ, ਝੜਕ, ਭੁਖੜ ਜਾਂ ਮਾੜੀ ਨੀਤ ਵਾਲੀ ਹੀ ਕਹਿਣਾ ਹੈ।

ਰਾਤ ਪੈ ਗਈ ਹੈ – ਕਾਲੀ ਬੋਲੀ, ਬਿੱਲਾ ਮਲੇ-ਰੀਏ ਤੋਂ ਉਠਿਆ ਹੈ – ਪੀਲਾ ਭੂਕ – 'ਕੁਨੈਨ ਨੇ ਕਾਲਜਾ ਸਾੜ ਛੱਡਿਆ ਐ', ਹੱਡੀਆਂ ਦਾ ਢਾਂਚਾ ਰਹਿ ਗਿਆ ਹੈ ਤੇ ਉਪਰੋਂ ਬੀਜ ਬੀਜਾਈ – ਅੱਧੀ ਰਾਤ ਤੋਂ ਪਾਣੀ ਲਾਉਣ ਗਿਆ ਹੈ। ਜਿਸ ਦੀ ਚਿੰਤਾ ਲਾਜੋ ਤੇ ਪਹਾੜ ਬਣੀ ਖੜ੍ਹੀ ਹੈ। 'ਆਥਣ ਦਾ ਵੇਲਾ' –

ਬੁੱਢੇ ਸੱਸ ਸੌਹਰਾ ਆ ਰਹੇ ਹਨ – ਸੱਸ ਦੇ ਸਿਰ ਤੇ ਇਕੱਠਾ ਕੀਤਾ ਬਾਲਣ ਤੇ ਸੌਹਰਾ ਹਾਰੇ ਢੱਗੇ ਵਾਂਗੂ ਮਗਰ ਮਗਰ ਆਪਣੀ ਤੁਰਦੀ ਫਿਰਦੀ ਲਾਸ਼ ਨੂੰ ਘੜੀਸਦਾ ਆ ਰਿਹਾ ਹੈ। ਲਾਜੋ ਪਾਣੀ ਫੜਾਉਂਦੀ ਹੈ – ਬੁੱਢੇ ਦਾ ਸਰੀਰ ਪਹਿਲਾਂ ਨਾਲੋਂ ਕੁਝ ਜ਼ਿਆਦਾ ਹੀ ਨਿਰਾਸਿਆਂ ਜਿਹਾ ਲਗਦਾ ਹੈ –

'ਅਜ ਕੁਝ ਢਿੱਲੇ ਜਿਹੇ ਲਗਦੇ ਹੋ' ਲਾਜੋ ਪਾਟੀ ਚੁੰਨੀ ਦਾ ਘੁੰਡ ਕਢੀ ਪੁਛਦੀ ਹੈ।

ਹੂੰ; ਸਾਲਾ ਬੁਖਾਰ ਜਿਹਾ ਚੜ੍ਹ ਗਿਆ ਲਗਦਾ ਐ – ਬੁੱਢੇ ਨੇ ਮਸਾਂ ਹੀ ਘਗਿਆਈ ਆਵਾਜ਼ ਸੰਘੋਂ ਕੱਢੀ।

ਕੋਈ ਦਵਾਈ ਦੁਵਾਈ ਲੈ ਆਉਣੀ ਸੀ।

'ਹੂੰ – ਓਂ – ਆਜੂ ਆਪੇ ਰਾਮ ਸਾਲਾ', ਡਾਕਟਰ ਕਿਹੜਾ ਕੋਈ ਚੱਜ ਦੀ ਦਵਾਈ ਦਿੰਦਾ ਐ – ਬੁੱਢੇ ਨੇ ਪੈਸੇ ਨਾ ਹੋਣ ਦੀ ਮਜਬੂਰੀ ਦਾ ਤੇ ਡਾਟਕਰ ਦੀ ਦਵਾਈ ਤੇ ਭਰੋਸਾ ਨਾ ਹੋਣ ਦਾ ਬਹਾਨਾ ਖੜੀ ਨੂੰਹ ਅਗੇ ਪੇਸ਼ ਕਰ ਦਿੱਤਾ। ਲਾਜੋ ਕਿਹੜਾ ਭੋਲੀ ਸੀ। ਉਸਨੂੰ ਵੀ ਪਤਾ ਸੀ ਕਿ ਘਰ ਵਿਚ ਤਾਂ ਮੌਹਰਾ ਖਾਣ ਲਈ ਵੀ ਪੈਸਾ ਨਹੀਂ ਹੈ – ਤੇ ਅਗੋਂ ਕੁਝ ਨਾ ਬੋਲਦੀ ਹੋਈ ਅੰਦਰ ਵਲ ਨੂੰ ਹੋ ਤੁਰੀ ਤੇ ਰੋਟੀ ਪਾਣੀ ਦਾ ਆਹਰ ਕਰਨ ਵਿਚ ਰੁਝ ਗਈ – ਉਸ ਨੂੰ ਰਾਤ ਦੇ ਦੋ ਵਜੇ ਦੇ ਗਏ ਹੋਏ ਆਪਣੇ ਬਿੱਲੇ ਦੀ ਚਿੰਤਾ ਅਜੇ ਵੀ ਵੱਢ ਵੱਢ ਖਾਈ ਜਾ ਰਹੀ ਸੀ। ਤੇ ਦੂਜੀ ਚਿੰਤਾ ਉਸਨੂੰ ਭੜੋਲੇ ਵਿਚੋਂ ਮੁਕ ਚੁਕੇ ਆਟੇ ਦੀ ਖਾਣ ਲਗ ਪਈ ਸੀ। ਆਟੇ ਦਾ ਤਾਂ ਭਾਵੇਂ ਉਸ ਨੂੰ ਸਵੇਰ ਦਾ ਹੀ ਪਤਾ ਸੀ ਕਿ ਮੁਕਿਆ ਪਿਆ ਹੈ। ਪਰ ਉਹ ਕਹਿੰਦੀ ਕਿਸ ਨੂੰ ! ਬਿੱਲਾ ਤਾਂ ਰਾਤ ਦੇ ਵਜੇ ਦਾ ਬਿਮਾਰੀ ਦੀ ਹਾਲਤ ਵਿਚ ਪਾਣੀ ਲਾਉਣ ਗਿਆ ਸੀ।

ਲੈ ਦੇ ਕੇ ਲਾਜੋ ਨੇ ਭੜੋਲੇ ਦੀਆਂ ਖੂੰਜਾ ਨੂੰ ਚੰਗੀ ਤਰ੍ਹਾਂ ਝਾੜ ਝੰਬ ਕੇ ਮਸਾਂ ਤਿੰਨ ਕੁ ਰੋਟੀਆਂ

ਦਾ ਆਟਾ ਕੱਢਿਆ ਪਰ ਖਾਣ ਵਾਲੇ ਰੋਟੀਆਂ ਦੀਆਂ ਗਿਣਤੀਆਂ ਨਾਲੋਂ ਵਧ ਸਨ।

"ਚਿੰਤਾ ਉਪਰ ਚਿੰਤਾ — ਦੁਖ ਉਪਰ ਦੁਖ — ਹਉਕਿਆਂ ਹਾਵਿਆਂ ਵਿਚ ਸੜੀ ਜਾ ਰਹੀ ਜ਼ਿੰਦਗੀ — ਦਿਨ ਰਾਤ ਇਕ ਕਰਕੇ ਕੰਮ ਕਰਦੇ — ਫਿਰ ਵੀ ਰੱਜਵੀਂ ਰੋਟੀ ਨਸੀਬ ਨਾ ਹੋਵੇ — ਅਸੀਂ ਫਸਲਾਂ ਬੀਜਦੇ, ਉਗਾਉਂਦੇ, ਪਾਣੀ ਲਾਉਂਦੇ, ਗੋਡੀਆਂ ਕਰਦੇ, ਦਾਣੇ ਕੱਢਦੇ, ਬੀਜਣ ਤੋਂ ਲੈ ਕੇ ਪਕਾਉਣ ਤਕ ਤੇ ਘਰ ਲਿਜਾਣ ਤਕ ਵੀ ਅਸੀਂ ਕਰਦੇ — ਪਰ ਸਾਡੇ ਕਦੇ ਵੀ ਦਾਣੇ ਨਹੀਂ ਆਉਂਦੇ — ਜੋ ਮੁਠੀ ਭਰ ਆਉਂਦੇ ਨੇ — ਉਹ ਸ਼ਾਹਾਂ ਦੇ ਕਰਜ਼ਿਆਂ ਤੋਂ ਘਟ ਤੇ ਅਸੀਂ ਫਿਰ ਰਹਿ ਜਾਂਦੇ ਹਾਂ। ਉਹੀ ਨੰਗ ਮਲੰਗ — ਕਿਉਂ-ਕਿਉਂ — ਤੇ ਇਹ ਕਿਉਂ ਜਿਹਨ ਅੰਦਰ 'ਬਵਾਸੀਰ' ਦੇ ਫੋੜੇ ਵਾਂਗੂੰ ਆ ਪਸਰਦੀ ਹੈ ਜਿਹੜਾ ਨਾ ਮਰਦਾ ਹੈ ਨਾ ਮਰਨ ਦਿੰਦਾ ਹੈ।

ਦਰਵਾਜ਼ਾ ਖੜਕਿਆ — ਖੁਲ੍ਹਿਆ — ਮੋਢੇ ਤੇ ਕਹੀ ਰਖੀ ਬਿੱਲਾ ਡਿਕਡੋਲੇ ਖਾਂਦਾ ਅੰਦਰ ਵਲ ਆ ਰਿਹਾ ਹੈ — ਲੱਤਾਂ ਬਾਹਾਂ ਮਿੱਟੀ ਨਾਲ ਲਿਬੜੀਆਂ ਪਈਆਂ ਹਨ — ਕਹੀ ਇਕ ਪਾਸੇ ਸੁਟ — ਉਸੇ ਤਰ੍ਹਾਂ ਮੈਲਾ ਕੁਚੈਲਾ ਟੁਟੀ ਦੌਣ ਵਾਲੀ ਮੰਜੀ ਤੇ ਆ ਡਿੱਗਦਾ ਹੈ। ਲਾਜੋ ਉਸਦੇ ਖਾਲੀ ਹੱਥ ਦੇਖ ਕੇ ਪੁਛਦੀ ਹੈ — "ਹੈਂ ਤੂੰ ਰੋਟੀ ਨਹੀਂ ਲਿਆਇਆ ਸੀਰੀਆਂ ਦੇਉਂ" — ਜਿਵੇਂ ਹਾਲ ਚਾਲ ਪੁਛਣ ਤੋਂ ਪਹਿਲਾਂ ਰੋਟੀ ਦਾ ਜਿਆਦਾ ਫ਼ਿਕਰ ਹੈ।

"ਨਾ"

"ਕਉਂ ?"

"ਮੈਂ — ਆਖਿਆ ਥੱਕੇ ਜਿਹੇ ਪਏ ਹਾਂ ਕਿਧਰ ਜਾਵਾਂਗੇ ਤੇ ਨਾਲੇ ਵਕਤ ਵੀ ਬਾਹਲਾ ਹੋ ਗਿਆ ਹੈ। ਸਰਦਾਰ ਸੁੱਤੇ ਪਏ ਹੋਣਗੇ ਤੇ ਸਿੱਧਾ ਘਰ ਵਲ ਹੀ ਤੁਰ ਆਇਆ।"

"ਸਿੱਧਾ ਘਰ ਵਲ ਤਾਂ ਤੁਰ ਆਇਆ ਪਰ ਘਰ ਆਟਾ ਤਾਂ ਹੈ ਨੀ।" "ਹੈਂ ਆਟਾ ਹੈ ਨੀ ਅਜੇ ਪੰਜ ਦਿਨ ਤਾਂ ਹੋਏ ਨਹੀਂ 20 ਸੇਰ ਕਣਕ ਲਿਆਂਦੀ ਸੀ।"

"20 ਸੇਰ ਕਣਕ ਲਿਆਂਦੀ ਸੀ ਤੇ ਜਿਹੜਾ ਲੋਕਾਂ ਤੋਂ ਉਧਾਰਾ ਲਿਆਂਦਾ ਸੀ ਉਹ ਨਹੀਂ ਸੀ ਦੇਣਾ ਤੇ ਨਾਲੇ ਖਾਣ ਵਾਲੇ ਥੋੜ੍ਹੇ ਆ ਘਰ ਵਿਚ — ਤੂੰ ਉਨ੍ਹਾਂ ਤੇ ਰੋਟੀ ਐ ਆ ਜਾ ਕੇ — ਬੁੜਾ ਬੁੜੀ ਵੀ ਭੁਖੇ ਪਏ ਆਂ।"

ਬਿੱਲਾ ਉਠਦਾ ਹੈ — ਹੱਡਾਂ ਨੂੰ ਜੋੜਨ ਦੀ ਕੋਸ਼ਿਸ਼ ਕਰਦਾ ਹੈ — ਪਰ ਬੁਖਾਰ ਦਾ ਭੰਨਿਆ ਪਿਆ ਸਰੀਰ ਤੇ ਫੇਰ ਰਾਤੀ ਦੋ ਵਜੇ ਤੋਂ ਲਾ ਰਿਹਾ ਪਾਣੀ — ਸੁੰਨ ਹੋਇਆ ਪਿਆ ਸਰੀਰ ਉਠਣੋਂ ਇਨਕਾਰੀ ਹੋ ਗਿਆ — "ਮੈਥੋਂ ਨੀ ਜਾਈਦਾ।" ਬਿੱਲੇ ਨੇ ਰੁਖੀ ਜਿਹੀ ਆਵਾਜ਼ ਵਿਚ ਲਾਜੋ ਨੂੰ ਸੁਣਾਉਂਦਿਆਂ ਕਿਹਾ। ਚੰਗਾ ਫੇਰ ਪੈ ਜਾਓ ਭੁੱਖੇ।"

"ਅਗੇ ਕਿਹੜਾ ਰੋਜ਼ ਰੱਜ ਕੇ ਸੌਂਦੇ ਹਾਂ।" ਬਿੱਲੇ ਨੇ ਸੰਘ ਵਿਚ ਅਟਕੇ ਹੋਏ ਕੌੜੇ ਥੁਕ ਦੇ ਖੰਘਾਰ ਨੂੰ ਰੋਟੀ ਸਮਝ ਕੇ ਅੰਦਰ ਲੰਘਾਉਂਦੇ ਨੇ ਕਿਹਾ — ਤੇ ਲਾਜੋ ਚੌਂਕੇ ਜਾ ਜਿਹੜਾ ਮੁਠੀ ਕੁ ਆਟਾ ਸੀ, ਵਿਚ ਪਾਣੀ ਪਾ ਗੁੰਨਣ ਲਗ ਪਈ ਪਰ ਆਟਾ ਥੋੜਾ ਹੋਣ ਕਰਕੇ ਪਾਣੀ ਦਾ ਹਿਸਾਬ ਨਾ ਲੱਗਣ ਕਾਰਨ ਪਾਣੀ ਜ਼ਿਆਦਾ ਪੈ ਗਿਆ — ਤੇ ਸੀਰਾ ਬਣੇ ਆਟੇ ਨੂੰ ਉਹ ਉਸ ਤਰ੍ਹਾਂ ਗੁਨ੍ਹਣ ਲਗ ਪਈ ਜਿਸ ਤਰ੍ਹਾਂ ਉਹ ਆਪਣੀ ਜ਼ਿੰਦਗੀ ਨੂੰ ਸਖ਼ਤ ਮਿਹਨਤ ਕਰਨ ਦੇ ਬਾਵਜੂਦ ਵੀ ਦੁਖਾਂ ਦੇ ਪਹਾੜ ਥੱਲੇ ਪੀਸੀ ਜਾ ਰਹੇ ਹਨ।

---

## ੦ ਲੈਨਿਨ ਰੱਬ ਦੀ ਦਰਗਾਹ ਵਿਚ

ਯਮਦੂਤ ਲੈਨਿਨ ਨੂੰ ਕਹਿਣ ਲਗੇ ਕਿ ਜਹਾਨ-ਏ-ਫ਼ਾਨੀ ਤੋਂ ਕੂਚ ਕਰਕੇ ਤੁਹਾਨੂੰ ਰੱਬ ਦੇ ਦਰਬਾਰ ਵਿਚ ਪੇਸ਼ ਹੋਣਾ ਪਏਗਾ, ਲੈਨਿਨ ਹੱਸ ਪਏ — ਭਲਿਓ ਪੁਰਸ਼ੋ, ਮੈਨੂੰ ਰੱਬ ਦੀ ਕੋਈ ਪਰਵਾਹ ਨਹੀਂ ਮੇਰੇ ਲਈ ਤਾਂ ਉਹ ਹੈ ਈ ਨਹੀਂ! ਯਮ ਆਖ਼ਰ ਯਮ ਸਨ ਤੇ ਉਹ ਉਨ੍ਹਾਂ ਨੂੰ ਰੱਬ ਕੋਲ ਲੈ ਗਏ।

— ਲੈਨਿਨ, ਤੂੰ ਮੈਥੋਂ ਨਾਬਰ ਏਂ, ਤੇ ਇਹਦੀ ਸਜ਼ਾ ਦਾ ਤੈਨੂੰ ਇਲਮ ਨਹੀਂਓ ਲਗਦਾ, ਮੇਰੀ ਸਾਰੀ ਕਾਇਨਾਤ 'ਤੇ ਹਕੂਮਤ ਏ।

— ਚਲੋ ਦੇਖ ਲੈਂਦੇ ਹਾਂ, ਪਰ ਮੈਂ ਪਹਿਲਾਂ ਤੇਰੇ ਨਾਲ ਵਿਚਾਰ ਵਟਾਂਦਰਾ ਕਰਨੈ, ਰੱਬ ਨੇ ਦੂਤਾਂ ਨੂੰ ਇਕੋ ਘੰਟੇ ਵਾਸਤੇ ਬਰਖ਼ਾਸਤ ਹੋਣ ਲਈ ਕਿਹਾ ਘੰਟੇ ਮਗਰੋਂ ਯਮਦੂਤ ਆਏ ਤੇ ਉਨ੍ਹਾਂ ਰੱਬ ਦੇ ਕਮਰੇ ਦਾ ਬੂਹਾ ਖੜਕਾਇਆ। ਰੱਬ ਉਠਿਆ ਤੇ ਬੂਹਾ ਖੋਲ੍ਹਦਿਆਂ ਯਮਦੂਤਾਂ ਨੂੰ ਆਖਣ ਲੱਗਾ : "ਅੰਦਰ ਲੰਘ ਆਓ, ਕਾਮਰੇਡ।"

---

ਇੰਦਰ ਸਿੰਘ ਮਾਨ ਤੇ ਆਤਮਯਾਦ ਜਤਿੰਦਰ ਜੌਲੀ ਦੀ ਸੰਪਾਦਤ 'ਜਾਗਦੇ ਅੱਖਰ'
ਮੁੱਲ — 3,00 ਪੰਨੇ — 80 ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਅੰਮ੍ਰਿਤਸਰ

# ਦਿੱਲੀ ਪਹੁੰਚਣਾ ਹੈ

ਅਸਗ਼ਰ ਵਜਾਹਤ

ਰਾਤ ਦੇ ਦੋ ਵਜੇ ਸਨ ਅਤੇ ਕਾਇਦੇ ਮੁਤਾਬਕ ਇਸ ਵਕਤ ਸਟੇਸ਼ਨ 'ਤੇ ਬਿਲਕੁਲ ਚੁਪ-ਚਾਂ ਹੋਣੀ ਚਾਹੀਦੀ ਸੀ। ਇਕਾ ਦੁਕਾ ਚਾਹ ਦੀਆਂ ਰੇੜ੍ਹੀਆਂ ਨੂੰ ਛੱਡਕੇ ਜਾਂ ਦੋ ਚਾਰ ਊਂਘਦੇ ਹੋਏ ਕੁਲੀਆਂ, ਸਮਾਨ ਦੀਆਂ ਗੰਡਰੀਆਂ ਤੇ ਬੁਚਕੀਆਂ ਤੇ ਪਲੇਟਫਾਰਮ 'ਤੇ ਸੁੱਤੇ ਗ਼ਰੀਬ-ਮੰਦੇਹਾਲ ਲੋਕਾਂ ਤੋਂ ਇਲਾਵਾ ਕੁਝ ਨਹੀਂ ਸੀ ਹੋਣਾ ਚਾਹੀਦਾ। ਪਰ ਇੰਝ ਨਹੀਂ ਸੀ। ਪੂਰੇ ਸਟੇਸ਼ਨ 'ਤੇ ਇੰਝ ਚਹਿਲ-ਪਹਿਲ ਸੀ ਜਿਵੇਂ ਰਾਤ ਦੇ ਦੋ ਨਹੀਂ, ਸੱਤ ਵਜੇ ਹੋਣ। ਅੱਠ-ਅੱਠ ਦੱਸ-ਦੱਸ ਦੀਆਂ ਟੁਕੜੀਆਂ ਵਿਚ ਲੋਗ ਪਲੇਟਫਾਰਮ 'ਤੇ ਇਧਰ-ਉਧਰ ਖੜੇ ਸਨ ਜਾਂ ਕਿਸੇ ਕੋਨੇ ਵਿਚ ਘੇਰਾ ਬਣਾ ਕੇ ਬੈਠੇ ਸਨ ਜਾਂ ਪਾਣੀ ਵਾਲੀ ਟੂਟੀ ਕੋਲ ਬਹਿ ਕੇ ਚਿਉੜਾ ਖਾ ਰਹੇ ਸਨ।

ਇਹ ਸੱਭ ਲੋਕ ਇਕੋ ਹੀ ਤਰ੍ਹਾਂ ਦੇ ਸਨ। ਮੈਲੀ ਫਟੀ ਹੋਈ ਧੋਤੀ ਜਾਂ ਲੁੰਗੀ ਅਤੇ ਉਤਾਂਹ ਨੂੰ ਉਠੀ ਹੋਈ ਬੇਢੰਗੀ, ਹਜ਼ਾਰਾਂ ਵੱਟਾਂ ਵਾਲੀ ਕਮੀਜ਼ ਜਾਂ ਬਨੈਣ ਪਾਈ। ਨੰਗੇ ਸਿਰ, ਨੰਗੇ ਪੈਰ, ਸਿਰ 'ਤੇ ਛੋਟੇ-ਛੋਟੇ ਵਾਲ। ਇਕ ਹੱਥ ਵਿਚ ਪੋਟਲੀ ਅਤੇ ਦੂਜੇ ਹੱਥ ਵਿਚ ਲਾਲ ਝੰਡਾ।

* * *

ਬਿਪਿਨ ਬਿਹਾਰੀ ਸ਼ਰਮਾਂ, ਪਿੰਡ ਮਦਨਪੁਰ, ਕਲਿਆਣਪੁਰ ਬਲਾਕ, ਮੋਤੀਹਾਰੀ, ਪੂਰਬੀ ਚੰਪਾਰਨ ਅਜ ਸਵੇਰੇ ਪਿੰਡ ਤੋਂ ਉਸ ਵਕਤ ਨਿਕਲੇ ਸਨ ਜਦੋਂ ਉਤੇ ਪੂਰਬ ਵਿਚ ਅੰਬਾਂ ਦੇ ਵੱਡੇ ਬਾਗ਼ ਸੂਰਜ ਦਾ ਕੋਈ ਅਤਾ ਪਤਾ ਨਹੀਂ ਸੀ। ਸੂਰਜ ਦੀ ਲਾਲੀ ਉਹਨਾਂ ਨੂੰ ਖਜੂਰੀਆ ਚੌਂਕ ਪਹੁੰਚਣ ਤੋਂ ਕੋਈ ਇਕ ਘੰਟਾ ਪਹਿਲਾਂ ਦਿਸੀ ਸੀ। ਇਥੇ ਹੀ ਆਕੇ ਸਭਨੇ ਦਾਤਣ-ਕੁਰਲੀ ਕੀਤੀ ਸੀ।

ਇਮਲੀ, ਅੰਬ ਅਤੇ ਨਿੰਮ ਦੇ ਵੱਡੇ-ਵੱਡੇ ਰੁਖਾਂ ਦੇ ਥਲੇ 'ਦੁਬਕਾ' ਪਿੰਡ ਸੌਂ ਰਿਹਾ ਸੀ। ਇਹਨਾਂ ਵੱਡੇ-ਵੱਡੇ ਰੁਖਾਂ ਦੇ ਪਰਛਾਵੇਂ ਖਪਰੈਲ ਦੇ ਘਰਾਂ, ਗਲੀਆਂ ਤੇ ਕਚੀਆਂ ਕੰਧਾਂ ਤੇ ਪੈ ਰਹੇ ਸਨ। ਬੋਹੜ ਦੇ ਰੁਖ ਦੇ ਪੱਤੇ ਹਵਾ ਵਿਚ ਖੜ-ਖੜ ਕਰਕੇ ਵਜਦੇ ਤਾਂ ਚੁਪ ਕੁਝ ਛਿਨਾਂ ਲਈ ਟੁਟਦੀ ਅਤੇ ਫੇਰ ਪਿੰਡ ਤੇ ਇਹਦਾ ਹੀ ਰਾਜ ਹੋ ਜਾਂਦਾ। ਉਤੇ ਅਸਮਾਨ ਵਿਚ ਰੂੰ ਵਰਗੇ ਚਿਟੇ ਬਦਲ ਉੱਤਰ ਵਲ ਭਜੇ ਜਾ ਰਹੇ ਸਨ। ਚੰਨ ਪੀਲਾ ਪੈ ਰਿਹਾ ਸੀ ਤੇ ਜਿਵੇਂ ਸ਼ਹਿਮ ਕੇ ਇਕ ਕੋਨੇ ਵਿਚ ਚਲਾ ਗਿਆ ਸੀ। ਖੂਹ ਵਿਚ ਕਿਸੇ ਨੇ ਬਾਲਟੀ ਪਾਈ ਤਾਂ ਉਹਦੀ ਆਵਾਜ਼ ਨਾਲ ਕੋਲ ਲਗੇ ਨਿੰਮ ਦੇ ਰੁਖ ਤੋਂ ਤੋਤਿਆਂ ਦਾ ਇਕ ਝੁੰਡ ਡਰਕੇ ਉੱਡ ਪਿਆ ਤੇ ਪਿੰਡ ਦਾ ਚੱਕਰ ਲਾ ਕੇ ਉੱਤਰ ਵਲ ਚਲਾ ਗਿਆ।

ਪਹੁਫੁਟਾਲਾ ਹੋ ਚੁਕਿਆ ਸੀ ਲੋਕ ਉਠ ਚੁਕੇ ਸਨ ਅਤੇ ਕੁਝ ਪਰਛਾਵੇਂ ਇਧਰ ਉਧਰ ਆਂਦੇ ਜਾਂਦੇ ਦਿਖਾਈ ਦੇਣ ਲਗ ਪਏ ਸਨ।

ਸੁਖਵਾ ਚਾਚਾ ਦੇ ਘਰ ਵਲੋਂ ਇਕ ਪਰਛਾਵਾਂ ਭੱਜਾ ਆ ਰਿਹਾ ਸੀ। ਕੋਲ ਆਇਆ ਤਾਂ ਦੇਖਿਆ — ਦੀਨ ਦਿਆਲ। ਉਹਨੇ ਕਮੀਜ਼ ਮੋਢੇ 'ਤੇ ਰੱਖੀ ਹੋਈ ਸੀ, ਇਕ ਹੱਥ ਵਿਚ ਜੁਤੀਆਂ ਤੇ ਦੂਜੇ ਹੱਥ ਵਿਚ ਚਿਉੜੇ ਦੀ ਪੋਟਲੀ ਸੀ। ਮਾਈ ਦੇ ਥਾਨ ਲਾਗੇ ਕਈ ਲੋਗ ਕਠੇ ਹੋਏ ਸਨ। ਦੀਨ ਦਿਆਲ ਵੀ ਉਹਨਾਂ ਪਰਛਾਵਿਆਂ ਵਿਚ ਰੱਲ ਗਿਆ। ਥਲਿਓਂ ਇਕ ਹੋਰ ਜੱਥਾ ਆ ਰਿਹਾ ਸੀ ਜਿਦੇ ਵਿਚ 'ਲਲਕਾਰਦਾ' ਹੋਇਆ ਰਘੁਬੀਰਾ ਸੀ। ਇਹਨਾਂ ਲੋਕਾਂ ਦੀਆਂ ਉਚੀਆਂ ਅਵਾਜ਼ਾਂ ਵਿਚ ਬਾਕੀ ਸਾਰੀਆਂ ਅਵਾਜ਼ਾਂ ਦੱਬ ਗਈਆਂ।

ਖਜੂਰੀਆ ਚੌਂਕ ਤੋਂ ਸਿਵਾਨ ਸਟੇਸ਼ਨ ਲਈ ਬੱਸ ਮਿਲਦੀ ਸੀ। ਪਰ ਕਿਰਾਏ ਲਈ ਪੈਸੇ ਕਿਹਦੇ ਕੋਲ ਸਨ; ਦਾਤਨ ਕੁਰਲੀ ਤੋਂ ਬਾਦ ਉਹ ਫੇਰ ਤੁਰ ਪਏ। ਹੁਣ ਸਿਵਾਨ ਰਹਿ ਹੀ ਕਿੰਨਾ ਗਿਆ ਸੀ, ਬਸ ਵੀਹ ਕਿਲੋਮੀਟਰ। ਵੀਹ ਕਿਲੋਮੀਟਰ ਹੁੰਦੇ ਹੀ ਕੀ ਹਨ? ਤੁਰਦੇ-ਤੁਰਦੇ ਰਫ਼ਤਾਰ ਸੁਸਤ ਹੋਣ ਲਗਦੀ ਤਾਂ ਬਿਪਿਨ ਜੀ ਕਹਿੰਦੇ, "ਲਗਾਓ ਲਲਕਾਰਾ।" ਲਲਕਾਰਾ ਲਗਦਾ ਤੇ ਸੁਸਤ ਹੋ ਗਏ ਪੈਰ ਤੇਜ਼ ਹੋ ਜਾਂਦੇ। ਜੇ ਗਿਆਰਾਂ ਵਜਣ ਤੋਂ ਪਹਿਲਾਂ ਸਿਵਾਨ ਸਟੇਸ਼ਨ ਪੁਜੇ ਫੇਰ ਹੀ ਗੱਡੀ ਮਿਲੇਗੀ ਤੇ ਫੇਰ ਧਟਨਾ।

* * *

ਗੱਡੀ ਬੜੀ ਰਫ਼ਤਾਰ ਨਾਲ ਪਲੇਟਫਾਰਮ ਦੇ ਨਜ਼ਦੀਕ ਆ ਰਹੀ ਸੀ। ਇੰਜਨ ਉਤੇ ਲਗੀ ਵੱਡੀ ਬੱਤੀ ਦੀ ਤੇਜ਼ ਰੋਸ਼ਨੀ ਵਿਚ ਰੇਲ ਦੀਆਂ ਪਟਰੀਆਂ ਚਮਕ ਰਹੀਆਂ ਸਨ। ਗੱਡੀ ਪਲੇਟਫਾਰਮ ਤੇ ਪੁਜ ਚੁਕੀ ਸੀ। ਰਫ਼ਤਾਰ ਹੌਲੀ ਹੋ ਗਈ ਅਤੇ ਦਰਵਾਜ਼ਿਆ 'ਤੇ ਲਟਕੇ ਆਦਮੀ ਪਲੇਟਫਾਰਮ ਦੀ ਦੁਧ ਧੋਤੀ ਰੋਸ਼ਨੀ ਵਿਚ ਨਹਾਤੇ ਗਏ।

ਉਡੀਕ ਕਰਦੇ ਲੋਕਾਂ ਵਿਚ ਇਧਰ ਤੋਂ ਉਧਰ ਤਕ ਬਿਜਲੀ ਦੌੜ ਗਈ ਬਈ ਜੇ ਇਹ ਗੱਡੀ ਵੀ ਖੁੰਝ ਗਈ ਤਾਂ ਕਲ੍ਹ ਰਾਤ ਤਕ ਦਿੱਲੀ ਪਹੁੰਚਣਾ ਨਾਮੁਮਕਿਨ ਹੋ ਜਾਵੇਗਾ। ਸਭਨੂੰ ਕਲ੍ਹ ਸ਼ਾਮ ਤਕ ਦਿਲੀ ਪਹੁੰਚਣਾ ਹੈ, ਹਰ ਹਾਲਤ ਵਿਚ। ਪਰਦਰਸ਼ਨ ਵਿਚ ਹਿੱਸਾ ਲੈਣਾ ਹੈ ਅਤੇ ਫੌਰਨ ਵਾਪਸ ਆ ਜਾਣਾ ਹੈ। ਪੋਟਲੀਆਂ ਵਿਚ

ਬੰਨੇ ਮਕਈ ਦੇ ਸੱਤੂ ਅਤੇ ਚਿਉੜਾ ਇਸੇ ਹਿਸਾਬ ਨਾਲ ਰਖੇ ਗਏ ਹਨ । ਇੰਝ ਨਹੀਂ ਬਈ ਦਸ ਪੰਦਰਾਂ ਦਿਨ ਚਲਦੇ ਰਹਿਣਗੇ ਤੇ ਇੰਝ ਵੀ ਨਹੀਂ ਕਿ ਗੱਡੀ ਖੁੰਝ ਜਾਣ ਦਾ ਬਹਾਨਾ ਘੜ ਕੇ ਵਾਪਸ ਚਲਿਆ ਜਾਵੇ। ਭਲਾ ਕੋਈ ਆਪਣੇ ਆਪ ਨਾਲ ਵੀ ਬਹਾਨੇਬਾਜ਼ੀ ਕਰ ਸਕਦਾ ਹੈ, ਕਲ੍ਹ ਸ਼ਾਮ ਤੁਕ ਦਿੱਲੀ ਜ਼ਰੂਰ ਪਹੁੰਚਣਾ ਹੈ । ਸਭਨੂੰ । ਹਰ ਹਾਲਤ ਵਿਚ ।

ਗੱਡੀ ਖੜੀ ਹੋ ਗਈ। ਲੋਹੇ, ਫੌਲਾਦ, ਬਿਜਲੀ ਦੀਆਂ ਤਾਰਾਂ ਤੇ ਲਕੜੀ ਦੇ ਟੁਕੜਿਆਂ ਨਾਲ ਬਣੀ ਵੱਡੀ ਸਾਰੀ ਗੱਡੀ ਜਿਵੇਂ ਇਕ ਚਣੌਤੀ ਬਣਕੇ ਸਾਹਮਣੇ ਖੜੀ ਹੈ। ਇਕ ਸਿਰੇ ਤੋਂ ਦੂਜੇ ਸਿਰੇ ਤਕ ਗੱਡੀ ਦੇਖ ਲਈ ਗਈ ਪਰ ਬਹਿਣ ਦੀ ਕੀ, ਖਲੋਣ ਦੀ ਕੀ, ਸਾਹ ਤਕ ਲੈਣ ਦੀ ਜਗ੍ਹਾ ਨਹੀਂ ਹੈ। ਸੈਕੰਡ, ਕਲਾਸ ਦੇ ਸਾਰੇ ਡੱਬੇ ਉਸੇ ਤਰ੍ਹਾਂ ਦੇ ਲੋਕਾਂ ਨਾਲ ਭਰੇ ਪਏ ਸਨ, ਜਿਸ ਤਰ੍ਹਾਂ ਦੇ ਇਥੇ ਖੜੇ ਹਨ ।ਉਹਨਾਂ ਵੀ ਕਿਸੇ ਵੀ ਹਾਲਤ ਵਿਚ ਕਲ੍ਹ ਦਿੱਲੀ ਪਹੁੰਚਣਾ ਹੈ ।

"ਹੁਣ ਕੀ ਹੋਵੇਗਾ ਬਿਪਿਨ ਜੀ ?" ਇਹ ਸੁਆਲ ਬਿਪਿਨ ਬਿਹਾਰੀ ਸ਼ਰਮਾ ਕੋਲੋਂ ਕਿਸੇ ਨੇ ਨਹੀਂ ਪੁਛਿਆ ਪਰ ਉਹਨਾਂ ਨੂੰ ਲਗਾ ਜਿਵੇਂ ਹਜ਼ਰਾਂ ਵਾਰ ਪੁਛਿਆ ਜਾ ਚੁਕਿਆ ਹੋਵੇ । ਜਾਣਾਂ ਤਾਂ ਹੈ ਹੀ। ਪਹਿਲੇ ਦਰਜੇ ਵਿਚ ਚਲੀਏ ?

ਪਹਿਲੇ ਦਰਜੇ ਦਾ ਲੰਮਾ ਸਾਰਾ ਡੱਬਾ ਬਹੁਤ ਹੀ ਸੁਰੱਖਿਅਤ ਸੀ। ਫੌਲਾਦ ਦੇ ਦਰਵਾਜ਼ੇ ਪੂਰੀ ਤਰ੍ਹਾਂ ਬੰਦ । ਅੰਦਰ ਵਖ-ਵਖ ਕੈਬਿਨਾਂ ਦੇ ਬੂਹੇ ਪੂਰੀ ਤਰ੍ਹਾਂ ਬੰਦ ।

"ਦਰਵਾਜ਼ਾ ਖੋਲੋ ਬਾਉ ਜੀ ।" ਧੜ-ਧੜ-ਧੜ

"ਦਰਵਾਜ਼ਾ ਖੋਲ ਦਿਓ ਜੀ... ਬਾਊ ਜੀ ।" ਧੜ-ਧੜ-ਧੜ

"ਆਪਾਂ ਭੁਜੇ ਬਹਿ ਜਾਂ 'ਗੇ ਬਾਊ ਜੀ ।" ਧੜ-ਧੜ-ਧੜ

"ਦਿੱਲੀ ਬਹੁਤ ਜ਼ਰੂਰੀ ਪਹੁੰਚਣਾ ਹੈ ਬਾਊ ਜੀ ।" ਧੜ-ਧੜ-ਧੜ......।

ਤਿੰਨ ਸੌ ਆਦਮੀ ਬਾਹਰ ਖੜੇ ਦਰਵਾਜ਼ਾ ਖੋਲ੍ਹਣ ਨੂੰ ਕਹਿ ਰਹੇ ਸਨ ਅਤੇ ਜੁਆਬ ਵਿਚ ਫੌਲਾਦ ਦਾ ਡੱਬਾ ਹੱਸ ਰਿਹਾ ਸੀ। ਵਕਤ ਤੇਜ਼ੀ ਨਾਲ ਬੀਤ ਰਿਹਾ ਸੀ। ਜੇ ਇਹ ਗੱਡੀ ਵੀ ਨਿਕਲ ਗਈ ਤਾਂ ਕਲ੍ਹ ਸ਼ਾਮ ਤੁਕ ਦਿੱਲੀ ਨਹੀਂ ਪਹੁੰਚਿਆ ਜਾ ਸਕਦਾ । .

"ਦਰਵਾਜ਼ੇ ਦੇ ਨਾਲ ਵਾਲੀ ਖਿੜਕੀ ਤੋੜਦੇ ਹਾਂ।" ਬਿਪਿਨ ਜੀ ਖਿੜਕੀ ਕੋਲ ਆ ਗਏ ਅਤੇ ਫੇਰ ਪਤਾ ਨਹੀਂ ਕਿਥੋਂ ਆਇਆ, ਕਿੰਨੇ ਦਿੱਤਾ, ਉਹਨਾਂ ਦੇ ਹੱਥ ਵਿਚ ਲੋਹੇ ਦਾ ਇਕ ਵੱਡਾ ਸਾਰਾ ਟੁਕੜਾ ਆ ਗਿਆ । ਪੂਰਾ ਸਟੇਸ਼ਨ ਖਿੜਕੀ ਦੀਆ ਸਲਾਖਾਂ ਤੋੜਨ ਦੀ ਆਵਾਜ਼ ਨਾਲ ਗੂੰਜਣ ਲੱਗਾ ।

"ਕੱਸ-ਕੱਸ ਕੇ ਮਾਰੋ ਬੂਹੇ 'ਤੇ । ਸਭ ਦਾ ਕੱਠਾ ਜ਼ੋਰ ਲਗਿਆਂ ਤਾਂ...।" ਪੂਰੇ ਜ਼ੋਰ ਨਾਲ ਹੱਥ ਮਾਰਨ ਵਾਲਿਆਂ ਦਾ ਮੁਕਾਬਲਾ ਸ਼ੁਰੂ ਹੋ ਗਿਆ। ਦੋ ਸਲਾਖਾਂ ਟੁਟ ਗਈਆ ਤਾਂ ਉਹਨਾਂ ਤੋਂ ਵੀ ਹਥੌੜਿਆ ਦਾ ਕੰਮ ਲਿਆ ਜਾਣ ਲਗਾ ।

"ਓਏ, ਤੁਸੀਂ ਇਹ ਕੀ ਕਰ ਰਹੇ ਹੋ ? ਇਹ ਫਰਸਟ ਕਲਾਸ ਦਾ ਡੱਬਾ ਹੈ ।" ਕਾਲੇ ਕੋਟ ਵਾਲੇ ਬਾਊ ਜੀ ਨੇ ਬਿਪਿਨ ਜੀ ਦਾ ਹੱਥ ਫੜ ਲਿਆ । ਬਿਪਿਨ ਜੀ ਨੇ ਹੱਥ ਛੁਡਾਨ ਦੀ ਕੋਸ਼ਿਸ਼ ਨਹੀਂ ਕੀਤੀ । ਉਹਨਾਂ ਪੂਰੀ ਤਾਕਤ ਨਾਲ ਨਾਅਰਾ ਲਾਇਆ :

"ਹਰ ਜ਼ੋਰ-ਜ਼ੁਲਮ ਦੀ ਟੱਕਰ ਵਿਚ"

ਤਿੰਨ ਸੌ ਆਦਮੀਆਂ ਨੇ ਪੂਰੀ ਤਾਕਤ ਨਾਲ ਜਵਾਬ ਦਿੱਤਾ ।

"ਸੰਘਰਸ਼ ਸਾਡਾ ਨਾਅਰਾ ਹੈ"

ਕਾਲੇ ਕੋਟ ਵਾਲੇ ਬਾਊ ਜੀ ਨੂੰ ਛੇਤੀ ਹੀ ਦੋਵੇਂ ਹੱਥ ਕੰਨਾਂ 'ਤੇ ਧਰਨੇ ਪਏ। "ਸੰਘਰਸ਼ ਸਾਡਾ ਨਾਅਰਾ ਹੈ" ਦੀ ਗੂੰਜ ਇਹਨਾਂ ਲੋਕਾਂ ਦੇ ਚਿਹਰਿਆਂ 'ਤੇ ਕੰਬ ਰਹੀ ਸੀ ।

ਕਾਲੇ ਕੋਟ ਵਾਲੇ ਬਾਊ ਜੀ ਨੂੰ ਇਹ ਸਮਝਦੇ ਦੇਰ ਨਹੀਂ ਲਗੀ ਕਿ ਹਾਲਾਤ ਵਿਸਫੋਟਕ ਹਨ । ਉਹ ਲਾਲ ਝੰਡਿਆਂ ਤੇ ਅਧ ਨੰਗੇ ਜਿਸਮਾਂ ਵਿਚੋਂ ਮੱਛੀ ਦੀ ਤਰ੍ਹਾਂ ਤਿਲਕ ਕੇ ਨਿਕਲ ਗਏ ਤੇ ਸਟੇਸ਼ਨ ਮਾਸਟਰ ਦੇ ਕਮਰੇ ਵਿਚ ਵੜ ਗਏ ।

ਕੁਝ ਦੇਰ ਬਾਦ ਉਧਰੋਂ ਇਕ ਸਿਪਾਹੀ ਡੰਡਾ ਹਿਲਾਂਦਾ ਹੋਇਆ ਆਇਆ ਤੇ ਸਾਹਮਣੇ ਖੜਾ ਹੋ ਗਿਆ ।

"ਕਿਉਂ ਤੇਰੇ ਪਿਉ ਦੀ ਗੱਡੀ ਹੈ ?" ਸਿਪਾਹੀ ਨੇ ਬਿਪਿਨ ਜੀ ਤੋਂ ਪੁਛਿਆ ।

"ਹੋਰ ਤੇਰੇ ਪਿਉ ਦੀ ਹੈ ?"

ਸਿਪਾਹੀ ਨੇ ਬਿਪਿਨ ਬਿਹਾਰੀ ਸ਼ਰਮਾਂ ਨੂੰ ਉਪਰੋਂ ਥੱਲੇ ਤਕ ਘੂਰਿਆ । ਚਮੜੇ ਦੀ ਘਸੀ ਹੋਈ ਚੱਪਲ, ਤੇੜ ਫਟਿਆ ਹੋਇਆ ਪਜਾਮਾ, ਉਤੇ ਖੱਦਰ ਦਾ ਕੁੜਤਾ ਤੇ ਕੁੜਤੇ ਦੀ ਜੇਬ ਵਿਚ ਇਕ ਡਾਇਰੀ ਇਕ ਕਲਮ ।

"ਤੂੰ ਇਹਨਾਂ ਦਾ ਆਗੂ ਹੈਂ ?"

"ਨਹੀਂ ।"

"ਫੇਰ ਕੌਣ ਹੈ ?"

"ਇਹਨਾਂ ਤੋਂ ਹੀ ਪੁਛੋ ।"

ਸਿਪਾਹੀ ਨੇ ਬਿਪਿਨ ਬਿਹਾਰੀ ਸ਼ਰਮਾ ਨੂੰ ਫੇਰ ਧਿਆਨ ਨਾਲ ਵੇਖਿਆ । ਉਮਰ ਕੋਈ ਤੇਈ-ਚੌਵੀ ਸਾਲ। ਅਜੇ ਦਾੜ੍ਹੀ-ਮੁਛ ਤਕ ਨਹੀਂ ਨਿਕਲੀ । ਅੱਖਾਂ ਵਿਚ

ਠਰ੍ਹਮਾਂ ਤੇ ਵਿਸ਼ਵਾਸ਼।

"ਤੇਰਾ ਨਾਂ ਕੀ ਹੈ ?"

"ਆਪਣੇ ਕੰਮ ਨਾਲ ਮਤਲਬ ਰਖ ਸਾਡਾ ਨਾਂ ਪੁਛ ਕੇ ਕੀ ਕਰੇਂਗਾ ?"

ਗਲਬਾਤ ਸੁਨਣ ਦੇ ਲਈ ਭੀੜ ਨੇੜੇ ਖਿਸਕ ਆਈ ਸੀ। ਰਾਮਦੀਨ ਹਜਰਾ ਨੇ ਚਿਉੜੇ ਦੀ ਪੋਟਲੀ ਕਛ ਵਿਚ ਦਬਾਂਦਿਆਂ ਸੋਚਿਆ ਇਹ ਸਾਲੀ ਪੁਲਿਸ ਹੀ ਸੀ ਜਿੰਨੇ ਉਹਨੂੰ ਡਕੈਤੀ ਦੇ ਝੂਠੇ ਕੇਸ ਵਿਚ ਫਸਾ ਕੇ ਪੰਜ ਸੌ ਰੁਪਏ ਵਸੂਲ ਲਏ ਸਨ। ਬਲਦੇਵ ਤਾਂ ਪੁਲਸ ਨੂੰ ਮਾਰਨ ਦੀ ਗਲ ਬਚਪਨ ਤੋਂ ਹੀ ਸੋਚਦਾ ਆ ਰਿਹਾ ਸੀ। ਜਦ ਤੋਂ ਉਹਨੇ ਆਪਣੇ ਪਿਤਾ ਦੇ ਮੂੰਹ 'ਤੇ ਪੁਲਸ ਦੇ ਬੂਟਾਂ ਦੇ ਠੁਡ ਪੈਂਦੇ ਵੇਖੇ ਸਨ ਤਦ ਤੋਂ ਹੀ ਉਹਦੀ ਰੀਝ ਸੀ ਕਿ ਇਕ ਦਿਨ ਪੁਲਸ ਨੂੰ ਦੱਬ ਕੇ ਕੁਟਿਆ ਜਾਵੇ। ਅਜ ਉਹਨੂੰ ਮੌਕਾ ਮਿਲਿਆ ਹੈ। ਉਹਨੇ ਝੰਡੇ ਨੂੰ ਡੰਡੇ ਨਾਲੋਂ ਲਾਹ ਕੇ ਜੇਬ ਵਿਚ ਰਖ ਲਿਆ ਤੇ ਉਹਦੇ ਹੱਥ ਵਿਚ ਡੰਡਾ ਹੀ ਡੰਡਾ ਰਹਿ ਗਿਆ।

"ਠੀਕ ਤਰ੍ਹਾਂ ਜਵਾਬ ਨਾ ਦਿਤਾ ਤਾਂ ਅੰਦਰ ਕਰ ਦਿਆਂਗਾ ਸਾਲੇ।" ਸਿਪਾਹੀ ਨੇ ਡੰਡਾ ਹਵਾ ਵਿਚ ਲਹਿਰਾਂਦਿਆਂ ਕਿਹਾ।

"ਦੇਖੋ ਭਾਈ ਸਾਹਬ ਅੰਦਰ ਤਾਂ ਤੁਸੀਂ ਸਾਨੂੰ ਕਰ ਨਹੀਂ ਸਕਦੇ, ਜਿਹੜੀ ਗਾਲ੍ਹ ਕੱਢੀ ਹੈ ਉਹਦੇ ਬਦਲੇ ਮਾਰਾਂ-ਕੁਟਾਂਗੇ ਨਹੀਂ, ਵਰਦੀ ਪੇਟੀ ਉਤਾਰ ਕੇ ਤੁਹਾਨੂੰ ਇੰਝ ਹੀ ਛਡ ਦੇਵਾਂਗੇ।"

ਸਿਪਾਹੀ ਨੇ ਸਿਰ ਚੁਕ ਕੇ ਇਧਰ ਉਧਰ ਵੇਖਿਆ ਚਾਰੇ ਪਾਸੇ ਕਾਲੇ, ਅਧ ਨੰਗੇ ਪਿੰਡਿਆਂ ਤੇ ਲਾਲ ਝੰਡਿਆਂ ਦੀ ਦੀਵਾਰ ਸੀ। ਹੁਣ ਉਹਦੇ ਅਗੇ ਦੋ ਹੀ ਰਾਹ ਸਨ, ਨਰਮ ਪੈ ਜਾਂਦਾ ਜਾਂ ਗਰਮ। "ਮਾਦਰ... ਕਾਨੂੰਨ...।"

ਫੇਰ ਪਤਾ ਨਹੀਂ ਲਗਾ ਉਹਦੀ ਟੋਪੀ, ਡੰਡਾ, ਕਮੀਜ਼, ਹਾਫ਼ ਪੈਂਟ, ਬੂਟ ਤੇ ਜਰਾਬਾਂ ਕਿੱਧਰ ਚਲੇ ਗਏ। ਕਿਉਂਕਿ ਜੇ ਵੀਹ ਹੱਥ ਡੰਡਾ ਖੋਹਣ ਲਈ ਵਧਣ, ਦਸ ਹੱਥਾਂ ਨੇ ਟੋਪੀ ਲਾਹੀ ਹੋਵੇ, ਸੱਤ-ਅੱਠ ਆਦਮੀ ਕਮੀਜ਼'ਤੇ ਝਪਟੇ ਹੋਣ, ਤਿੰਨ ਚਾਰ ਬੰਦਿਆਂ ਨੇ ਬੂਟ ਤੇ ਜਰਾਬਾਂ ਲਾਹੇ ਹੋਣ, ਤਾਂ ਇਸ ਕੰਮ ਨੂੰ ਚਿਰ ਹੀ ਕਿੰਨਾ ਲਗਦਾ ਹੈ ?

ਹੁਣ ਸਿਪਾਹੀ, ਸਿਪਾਹੀ ਤੋਂ ਆਦਮੀ ਬਣ ਚੁਕਿਆ ਸੀ। ਉਹਦੇ ਮੂੰਹ ਤੇ ਨਾ ਰੋਹਬ ਸੀ ਨਾ ਦਾਬ। ਸਾਹਮਣੇ ਖੜਾ ਸੀ। ਬਿਲਕੁਲ ਨੰਗਾ। ਇਸ ਖਿੱਚ-ਧੂਹ ਵਿਚ ਉਹਦੀਆਂ ਸ਼ਾਨਦਾਰ ਮੁੱਛਾਂ ਦੇ ਵਾਲ ਵੀ ਪੁਟੇ ਗਏ ਸਨ, ਜਿਸ ਕਰਕੇ ਇਕ ਮੁਛ ਛੋਟੀ, ਇਕ ਵੱਡੀ ਲਗ ਰਹੀ ਸੀ। ਲੋਕ ਹਸ ਰਹੇ ਸਨ।

ਪਤਾ ਨਹੀਂ ਕਿਥੋਂ ਖਿਆਲ ਆਇਆ, ਇਕ ਵੱਡਾ ਸਾਰਾ ਲਾਲ ਝੰਡਾ ਸਿਪਾਹੀ ਦੇ ਮੂੰਹ ਤੇ ਸਿਰ ਤੇ ਕੱਸ ਕੇ ਲਪੇਟਿਆ ਗਿਆ, ਤੇ ਫੇਰ ਪਤਲੀ ਰੱਸੀ ਨਾਲ ਪੱਕਾ ਕਰਕੇ ਬੰਨ ਦਿਤਾ ਗਿਆ। ਉਸੇ ਰੱਸੇ ਦੇ ਦੂਜੇ ਸਿਰੇ ਨਾਲ ਸਿਪਾਹੀ ਦੇ ਹੱਥ ਬੰਨੇ ਗਏ।

ਢਿੱਡ ਤੇ ਮੂੰਹ ਲਾਲ, ਜਿਸਮ ਨੰਗਾ। ਦੁਖ, ਭੁਖਮਰੀ ਤੇ ਜ਼ੁਲਮ ਨਾਲ ਮੁਰਝਾ ਗਏ ਮੂੰਹਾਂ ਉਤੇ ਹਾਸਾ ਪਹਾੜੀ ਝਰਨਿਆ ਵਾਂਗ ਫੁਟ ਪਿਆ। ਉਹਨਾਂ ਮੂੰਹਾਂ ਤੇ ਹਾਸਾ ਕਿੰਨਾ ਸੁਹਣਾ ਲਗਦਾ ਹੈ ਜਿੰਨ੍ਹਾਂ 'ਤੇ ਸਦੀਆਂ ਤੋਂ ਜ਼ੁਲਮ ਤੇ ਡਰ ਦੇ ਟਾਂਕੇ ਲਗੇ ਹੋਣ।

ਫੇਰ ਸਿਪਾਹੀ ਦੇ ਨੰਗੇ ਚੁਤੜ ਤੇ ਉਹਦਾ ਹੀ ਡੰਡਾ ਪਿਆ।

ਇਸ ਦਿਲ ਪਰਚਾਵੇ ਤੋਂ ਬਾਦ ਕੰਮ ਵਿਚ ਤੇਜ਼ੀ ਆ ਗਈ। ਛੇਤੀ ਹੀ ਬਾਕੀ ਰਹੀਆ ਦੋ ਸਲਾਖਾਂ ਵੀ ਟੁਟ ਗਈਆਂ। ਸ਼ੀਸ਼ਾ ਟੁਟਣ ਵਿਚ ਦੇਰ ਹੀ ਕਿੰਨੀ ਲਗਦੀ ਹੈ ?

ਹੁਣ ਰਾਹ ਸਾਫ਼ ਸੀ। ਇਕ ਮੁੰਡਾ ਬਾਂਦਰ ਵਾਂਗ ਖਿੜਕੀ ਵਿਚੋਂ ਅੰਦਰ ਕੁਦ ਗਿਆ। ਅੰਦਰੋਂ ਉਹਨੇ ਦਰਵਾਜ਼ੇ ਦੇ ਬੋਲਟ ਖੋਲ ਦਿਤੇ।

ਸਾਰੇ ਲੋਕ ਛੇਤੀ-ਛੇਤੀ ਅੰਦਰ ਚੜ੍ਹ ਆਏ। ਬੱਤੀ ਹਰੀ ਹੋ ਚੁਕੀ ਸੀ। ਗੱਡੀ ਰੀਂਗਣ ਲਗੀ। ਡੱਬੇ ਦੀ ਗੈਲਰੀ ਖਚਾ-ਖੱਚ ਭਰ ਗਈ ਤੇ ਹਾਲੀ ਵੀ ਲੋਕ ਦਰਵਾਜ਼ਿਆਂ ਨਾਲ ਲਟਕੇ ਹੋਏ ਸਨ।

ਹੁਣ ਕੈਬਿਨ ਵੀ ਖੁਲਣਾ ਚਾਹੀਦਾ ਹੈ। ਅੰਦਰ ਬੈਠਣ ਦੀ ਜ਼ਿਆਦਾ ਥਾਂ ਹੋਵੇਗੀ। ਬਿਪਿਨ ਜੀ ਪਹਿਲੇ ਕੈਬਿਨ ਦੇ ਬੰਦ ਦਰਵਾਜ਼ੇ ਦੇ ਸਾਹਮਣੇ ਆਏ।

"ਦੇਖੋ ਅਸੀਂ ਤੁਹਾਡੇ ਡੱਬੇ ਦਾ ਬਾਹਰ ਵਾਲਾ, ਵੱਡਾ ਦਰਵਾਜ਼ਾ ਤੋੜ ਦਿਤਾ ਹੈ। ਅੰਦਰ ਆ ਗਏ ਹਾਂ। ਕੈਬਿਨ ਦਾ ਬੂਹਾ ਖੋਲ ਦੇਵੋ, ਨਹੀਂ ਤਾਂ ਇਹਨੂੰ ਤੋੜਨ ਵਿਚ ਟੈਮ ਹੀ ਕਿੰਨਾ ਲਗੇਗਾ।" ਅੰਦਰੋਂ ਕੋਈ ਜਵਾਬ ਨਹੀਂ ਆਇਆ।

"ਜੇ ਤੁਸੀਂ ਆਪੇ ਬੂਹਾ ਖੋਲੋ ਤਾਂ ਅਸੀਂ ਸਿਰਫ਼ ਬੈਠਾਂਗੇ ਹੀ, ਜੇ ਅਸੀਂ ਤੋੜ ਕੇ ਆਏ ਤਾਂ..."

ਕੈਬਿਨ ਦਾ ਦਰਵਾਜ਼ਾ ਖੁਲਿਆ। ਧਾਰੀਦਾਰ ਕਮੀਜ਼ ਪਜਾਮੇ ਵਾਲੇ ਆਦਮੀ ਨੇ ਖੋਲਿਆ ਸੀ। ਅੰਦਰ ਮੱਧਮ ਨੀਲੀ ਰੌਸ਼ਨੀ ਦਾ ਬਲਬ ਜੱਗ ਰਿਹਾ ਸੀ। ਪਰ ਤਿੰਨੋਂ ਲੋਕੀ ਜਾਗਦੇ ਸਨ ਤੇ ਇਸ ਤਰ੍ਹਾਂ ਸੁੰਗੜ ਕੇ ਬੈਠੇ ਸਨ ਕਿ ਸੀਟਾਂ 'ਤੇ ਬੈਠਣ ਦੀ ਕਾਫ਼ੀ ਥਾਂ ਹੋ ਗਈ।......ਦਿੱਲੀ ਪਹੁੰਚਣਾ ਹੈ ਨੰਗੇ ਪਿੰਡਿਆ ਵਾਲਿਆਂ ਦਿੱਲੀ ਪਹੁੰਚਣਾ ਹੈ। ......ਹਰ ਇਕ ਚਿਹਰੇ ਤੇ ਇਹ ਵਿਸ਼ਵਾਸ਼ ਲਿਖਿਆ ਹੋਇਆ ਸੀ।

[ਕਥਨ ਤੋਂ ਧੰਨਵਾਦ ਸਹਿਤ]

ਅਸਦ ਮੁਫ਼ਤੀ ਨਾਲ ਮੁਲਾਕਾਤ/ਅਮਰਜੀਤ ਚੰਦਨ

# ਜ਼ਮੀਨ ਦੀ ਪਕੜ

[ਅਸਦ ਮੁਫ਼ਤੀ (ਜਨਮ 1947 ਲਹੌਰ) ਪਛਮੀ ਪੰਜਾਬ ਦਾ ਸ਼ਾਇਰ ਹੈ, ਜੋ ਪਿਛਲੇ ਸੱਤ ਅੱਠ ਸਾਲਾਂ ਤੋਂ ਐਮਸਟਰਡੈਮ (ਹਾਲੈਂਡ) ਵਿਚ ਰਹਿ ਰਿਹਾ ਹੈ। ਉਹਦੇ ਵਿਜ਼ਟਿੰਗ ਕਾਰਡ ਉਤੇ ਛਪਿਆ ਹੋਇਆ ਹੈ ਕਿ ਉਹ ਫਿਲਮ ਪਰੋਡਿਊਸਰ, ਡਾਇਰੈਕਟਰ ਅਤੇ ਰਾਈਟਰ ਹੈ। ਲਹੌਰ ਰਹਿੰਦਿਆਂ ਉਹ ਸੁਤੰਤਰ ਜੀਵੀ (ਫ਼੍ਰੀਲਾਂਸਰ) ਪੱਤਰਕਾਰੀ ਕਰਦਾ ਸੀ ਅਤੇ ਪੰਜ-ਕੁ ਉਰਦੂ ਤੇ ਪੰਜਾਬੀ ਫ਼ਿਲਮਾਂ ਦੀ ਸਹਾਇਕ-ਡਾਇਰੈਕਟਰੀ ਵੀ ਕੀਤੀ। ਉਹਦੀਆਂ ਨਜ਼ਮਾਂ ਦੀ ਹਾਲੇ ਤਕ ਕੋਈ ਕਿਤਾਬ ਨਹੀਂ ਛਪੀ ਤੇ ਉਹਦਾ ਦਾਅਵਾ ਹੈ ਕਿ ਹਾਲੀ ਤਕ ਪਾਕਿਸਤਾਨ ਵਿਚ ਕੋਈ ਫ਼ਿਲਮਕਾਰ ਪੈਦਾ ਨਹੀਂ ਹੋਇਆ। ਉਹ ਦਲੀਪ ਕੌਰ ਟਿਵਾਣਾ ਦੇ ਕਿਸੇ ਨਾਵਲ ਨੂੰ ਲੈ ਕੇ ਪੰਜਾਬੀ ਵਿਚ ਫ਼ਿਲਮ ਬਨਾਉਣੀ ਚਾਹੁੰਦਾ ਹੈ।

ਉਹ ਆਪਣੇ ਸੱਜਣਾਂ ਮਿੱਤਰਾਂ ਨੂੰ ਮਿਲਣ ਲੰਡਨ ਆਇਆ ਸੀ। ਗੱਲ-ਬਾਤ ਦੌਰਾਨ ਕੁਝ ਅਹਿਮ ਨੁਕਤੇ ਉੱਭਰ ਕੇ ਆਏ। ਉਹਦੇ ਕਹਿਣ ਅਨੁਸਾਰ ਇਹ ਸਾਬਤ ਹੋ ਚੁਕਾ ਹੈ ਕਿ ਪਾਕਿਸਤਾਨ ਦੀ ਬੁਨਿਆਦ ਹੀ ਗ਼ਲਤ ਸੀ। ਸਾਮਰਾਜੀਆਂ ਦੀ ਇਹ ਸਾਜ਼ਸ਼ ਸੀ ਕਿ ਪੰਜਾਬ ਵਰਗਾ ਵੱਡਾ ਸੂਬਾ ਤਕਸੀਮ ਕਰ ਦਿਤਾ ਜਾਵੇ। ਅਸਦ ਮੁਫ਼ਤੀ ਦਾ ਦਾਅਵਾ ਹੈ ਕਿ ਜੇ ਪੰਜਾਬ ਇਕ ਰਹਿੰਦਾ ਤਾਂ ਇਹ ਦਿੱਲੀ ਨੂੰ ਹਬ ਖਾ ਸਕਦਾ ਸੀ। ਪਰ ਇਸ ਦਾਅਵੇ ਦੇ ਬਾਵਜੂਦ ਅਤੇ ਪਾਕਿਸਤਾਨ ਦੇ ਤਿੰਨ ਸੂਬਿਆਂ ਵਿਚ ਵਖਵਾਦੀ ਲਹਿਰਾਂ (ਪਠਾਨ ਬਲੋਚ ਤੇ ਸਿੰਧ ਦੇਸ਼) ਦੇ ਠੀਕ ਹੋਣ ਬਾਰੇ ਮੰਨਣ ਦੇ ਬਾਵਜੂਦ ਉਹ ਨਹੀਂ ਚਾਹੁੰਦਾ ਕਿ ਪਾਕਿਸਤਾਨ ਟੁਟ ਜਾਵੇ। ਔਰਤ ਦੀ ਸੁੰਨਤ ਕਰਨ ਦੀ ਉਤਰੀ ਅਫਰੀਕਾ ਵਿਚ ਪ੍ਰਚਲਤ ਮੁਸਲਮ ਰੀਤ ਦੀ ਅਸਦ ਮੁਫ਼ਤੀ ਦੀ ਵਕਾਲਤ ਤੋਂ ਸਾਨੂੰ ਹੈਰਾਨੀ ਨਹੀਂ ਹੋਈ। ਸਿਆਸੀ ਤੌਰ ਉਤੇ ਉਹ ਉਹਨਾਂ ਲੋਕਾਂ ਦਾ ਮੁਰੀਦ ਹੈ, ਜਿਹੜੇ ਇਹ ਮੰਨਣ ਲੱਗ ਪਏ ਹਨ ਕਿ ਇਨਕਲਾਬ ਦੂਜੇ ਮੁਲਕਾਂ ਵਿਚ ਬਰਾਮਦ (ਐਕਸਪੋਰਟ) ਕਰਨਾ ਚਾਹੀਦਾ ਹੈ। ਉਹਨੇ ਕਈ ਵਾਰ ਅਫਗਾਨਿਸਤਾਨ ਦੇ ਮੁਆਮਾਲੇ ਵਿਚ ਰੂਸੀਆਂ ਦੀ ਬੜੀ ਤਾਰੀਫ਼ ਕੀਤੀ।

— ਅ. ਚੰਦਨ]

* ਪਾਕਿਸਤਾਨ ਦੀ ਗ਼ਲਤ ਬੁਨਿਆਦ *

ਤਵਾਰੀਖ ਨੇ ਸਾਬਤ ਕਰ ਦਿਤਾ ਹੈ ਕਿ ਪਾਕਿਸਤਾਨ ਦੀ ਬੁਨਿਆਦ ਹੀ ਗ਼ਲਤ ਸੀ। ਬੇ-ਸ਼ੁਮਾਰ ਕੌਮੀਅਤਾਂ ਰਲ ਕੇ ਕਦੀ ਕੋਈ ਮੁਲਕ ਬਣਿਆਂ ਕਰਦਾ ਹੈ? ਪਾਕਿਸਤਾਨ ਚਾਰ ਕੌਮੀਅਤਾਂ ਦਾ ਮੁਲਕ ਏ – ਪੰਜਾਬੀ, ਸਿੰਧੀ, ਬਲੋਚੀ ਅਤੇ ਪਠਾਨ। ਮੁਜੀਬ ਦੇ ਆਉਣ ਨਾਲ ਤੇ ਬੰਗਲਾ ਦੇਸ਼ ਦੀ ਜ਼ੋਰਦਾਰ ਲਹਿਰ ਨੇ ਸਾਬਤ ਕਰ ਦਿਤਾ ਕਿ ਮਜ਼ਹਬ ਦੀ ਬੁਨਿਆਦ ਤੇ ਮੁਲਕ ਬਣਾ ਦੇਣੇ ਗ਼ਲਤ ਹਨ। ਮੈਨੂੰ ਤਾਂ ਕਈ ਵਾਰ ਇਸ ਤਰ੍ਹਾਂ ਲਗਦੈ ਕਿ ਪਾਕਿਸਤਾਨ ਬਣਾਇਆ ਹੀ ਸਿਰਫ ਪੰਜਾਬ ਨੂੰ ਤਕਸੀਮ ਕਰਨ ਲਈ ਸੀ। (ਤਕਸੀਮ ਦੀ ਰਚਾਈ ਖੇਡ ਨਾਲ ਪੰਜਾਬੀ ਲੋਕਾਂ ਨਾਲ ਬਹੁਤ ਵੱਡਾ ਧਰੋਹ ਹੋਇਆ) ਪੰਜਾਬ ਸੂਬਾ ਕਿੰਨਾ ਵੱਡਾ ਸੀ ਤੇ ਉਹ ਕਿਸੇ ਵੇਲੇ ਵੀ ਦਿੱਲੀ ਨੂੰ ਫੜ ਸਕਦਾ ਸੀ, ਉਹਦੇ ਗਲ ਨੂੰ ਪੈ ਸਕਦਾ ਸੀ। ਮੈਨੂੰ ਬੜਾ ਚਾਅ ਹੈ ਕਿ ਕੋਈ ਮੇਰੀਆਂ ਇਹ ਗੱਲਾਂ ਰੱਦ ਕਰ ਕੇ ਦਸੇ।

ਭਾ ਜੀ, ਜ਼ਮੀਨ ਦੀ ਗ੍ਰਿਫਤ ਬੜੀ ਮਜ਼ਬੂਤ ਏ, ਉਹ ਦੇ ਕੋਲੋਂ ਛੁਟਕਾਰਾ ਪਾਉਣਾ ਨਾਮੁਮਕਿਨ ਏ। ਹੁਣ ਵੀ ਪੁਰਾਣੀਆਂ ਗੱਲਾਂ, ਪੁਰਾਣੇ ਵਾਕਿਆਤ ਯਾਦ ਕਰ ਕੇ ਤੇ ਪੁਰਾਣੇ ਬੰਦਿਆਂ ਨੂੰ ਮਿਲ ਕੇ, ਲੋਕਾਂ ਨੂੰ ਮੈਂ ਧਾਹਾਂ ਮਾਰ ਕੇ ਰੋਂਦਿਆਂ ਦੇਖਿਆ। ਇਧਰ ਵੀ ਤੇ ਉਧਰ ਵੀ। ਵਾਕਿਆਤ ਏਨੇਂ ਸੁਣੇ ਨੇ, ਜੇ ਚਾਹਵਾਂ ਤਾਂ ਕਿਤਾਬ ਲਿਖ ਸਕਦਾ ਹਾਂ।

ਮੈਨੂੰ ਪਤੈ ਮੁਲਕ ਦੀ ਤਕਸੀਮ ਬਾਰੇ ਕਮਿਊਨਿਸਟ ਪਾਰਟੀ ਦਾ ਕੀ ਸਟੈਂਡ ਸੀ। ਦੋ ਗਰੁਪ ਸਨ — ਇਕ ਨੇ ਹਮਾਇਤ ਕੀਤੀ ਤੇ ਦੂਜੇ ਨੇ ਮੁਖ਼ਾਲਫਤ। ਜੇ ਮੈਂ ਉਸ ਵੇਲੇ ਹੁੰਦਾ ਤਾਂ ਮੇਰਾ ਵੋਟ ਮੁਖ਼ਾਲਫਤ ਕਰਨ ਵਾਲਿਆਂ ਨਾਲ ਹੋਣਾ ਸੀ।

ਹੁਣ ਇਹਦਾ ਕੀ ਬਦਲ ਹੋਵੇ। ਇਹ ਤਾਂ ਹੋਰ ਗੱਲ ਏ। ਪਾਕਿਸਤਾਨ ਬਣ ਗਿਆ, ਗ਼ਲਤ ਜਾਂ ਸੁਹੀ। ਹੁਣ ਪਾਕਿਸਤਾਨ ਦਾ ਕਾਇਮ ਰਖਣਾ ਬਹੁਤ ਜ਼ਰੂਰੀ ਹੈ। ਪਾਕਿਸਤਾਨ ਟੁਟਣਾ ਨਹੀਂ ਚਾਹੀਦਾ।

ਪਾਕਿਸਤਾਨ ਵਿਚ ਪਠਾਨ, ਬਲੋਚ, ਸਿੰਧੀ 'ਪਾਕਿਸਤਾਨ' ਨਾਲੋਂ ਅੱਡ ਹੋਣ ਦੀਆਂ ਲਹਿਰਾਂ ਚਲਾ ਰਹੇ ਹਨ। ਉਹਨਾਂ ਦੀ ਇਹੀ ਵਡੀ ਸ਼ਿਕਾਇਤ ਏ ਕਿ ਪੰਜਾਬ ਉਹਨਾਂ ਨੂੰ ਲੁਟ ਰਿਹੇ, ਆਰਥਕ ਤੌਰ ਉਤੇ ਤੇ ਸਭਿਆਚਾਰਕ ਗਲਬਾ ਵੀ ਪਾਇਆ ਹੋਇਆ ਹੈ। ਸਿਰਫ ਅਲਹਿਦਾ ਹੋਣਾ ਕਾਫੀ ਨਹੀਂ ਸਵਾਲ ਇਹ ਹੈ ਕਿ ਅਲਹਿਦਾ ਹੋ

ਕੈ ਕਰਨਾ ਕੀ ਹੈ ? ਕਿਉਂ ਅਲਹਿਦਾ ਹੋਣੈ ? ਜੇ ਅਲਹਿਦਾ ਹੋ ਕੇ ਭਲਕੇ ਵੀ ਪਾਕਿਸਤਾਨ ਵਾਲਾ ਹੀ ਰੌਫੜ ਪੈਣੈ, ਜੇ ਕਲ ਨੂੰ ਵੀ ਸਰਮਾਏਦਾਰਾਂ ਜਗੀਰਦਾਰਾਂ ਨੀ ਹਕੂਮਤ ਕਰਨੀ ਏ ਤਾਂ ਫੇਰ ਤਾਂ ਕੋਈ ਮਤਲਬ ਨਾ ਹੋਇਆ।

ਅੰਗਰੇਜ਼ਾਂ ਨੇ ਸਾਜ਼ਸ਼ ਚਲਾਈ ਸੀ ਕਿ ਪੰਜਾਬੀ ਫੌਜ ਦੇ ਐਨ ਫਿੱਟ ਏ। ਜਿਵੇਂ ਬਾਕੀ ਕੌਮਾਂ ਜਾਂ ਕੌਮੀਅਤਾਂ ਲੜ ਹੀ ਨਹੀਂ ਸਕਦੀਆਂ। ਅਜ ਦਾ ਦੌਰ ਤਾਂ ਸਾਇੰਸ ਦਾ ਦੌਰ ਏ। ਸਿਰਫ ਬੰਦੂਕ ਦੀ ਦਬਦਬੀ ਦਬਾਉਣੀ ਹੁੰਦੀ ਏ। ਬਲੋਚੀ ਪੰਜਾਬ ਨੂੰ ਗਾਹਲਾਂ ਕਢਦੇ ਨੇ। ਪਰ ਸਵਾਲ ਇਹ ਹੈ ਕਿ ਪੰਜਾਬੀ ਫੌਜ ਪੰਜਾਬੀ ਲੋਕਾਂ ਨੂੰ ਵੀ ਤਾਂ ਉਨਾਂ ਹੀ ਲੁਟਦੀ ਏ। ਮੈਂ ਨਹੀਂ ਸਮਝਦਾ ਕਿ ਜਿਹੜਾ ਪੰਜਾਬੀ ਜਰਨੈਲ ਬਲੋਚਸਤਾਨ ਵਿਚ ਕੁਸ਼ਤ-ਓ-ਖ਼ੂਨ ਕਰ ਰਿਹਾ ਏ, ਉਹ ਕਲ੍ਹ ਨੂੰ ਪੰਜਾਬੀਆਂ ਨਾਲ ਕੋਈ ਘਟ ਕੁਸ਼ਤ-ਓ-ਖ਼ੂਨ ਕਰੇਗਾ। ਜਨਰਲ ਜ਼ਿਆ ਪੰਜਾਬੀ ਏ। ਉਹ ਪੰਜਾਬੀਆਂ ਨੂੰ ਕਿਹੜੀ ਖੰਡ ਪਰੋਂਹਦਾ ਏ ?

ਬਲੋਚਸਤਾਨ ਤਹਿਰੀਕ ਦੇ ਲੀਡਰ ਅਤਾਉਲਾ ਮੈਂਗਲ ਹਜ਼ਾਰ ਖਾਂ ਤੇ ਖ਼ੈਰਬਖ਼ਸ਼ ਅਜ ਕਲ ਲੰਡਨ ਵਿਚ ਨੇ। ਮੈਂ ਉਹਨਾਂ ਨੂੰ ਮਿਲ ਕੇ ਵਾਜ਼ਿਆ ਕਰਵਾਉਣਾ ਚਾਹੁੰਦਾ ਸਾਂ ਕਿ ਉਹ ਪਾਕਿਸਤਾਨ ਨਾਲੋਂ ਅੱਡ ਹੋਣ ਦੀ ਗੱਲ ਕਿਸ ਹਵਾਲੇ ਨਾਲ ਕਰ ਰਹੇ ਨੇ। ਬਲੋਚਸਤਾਨ ਦੀ ਅਲਹਿਦਗੀ ਜਾਂ ਆਜ਼ਾਦੀ ? ਜੇ ਇੰਡੀਆ ਤੋਂ ਪਾਕਿਸਤਾਨ ਦੇ ਅੱਡ ਹੋਣ ਵਰਗੀ ਗੱਲ ਏ ਤਾਂ ਮੈਂ ਉਹਦੀ ਹਮਾਇਤ ਕਰਨ ਨੂੰ ਨਹੀਂ ਤਿਆਰ।

### * ਪਾਕਿਸਤਾਨ ਦੀ ਨਵੀਂ ਪੀੜ੍ਹੀ ਨੂੰ ਕੀ ਪੜ੍ਹਾਇਆ ਜਾਂਦਾ ਹੈ ? *

ਸਾਨੂੰ ਹਿਸਟਰੀ ਗ਼ਲਤ ਪੜ੍ਹਾਈ ਜਾਂਦੀ ਹੈ। 90 ਵੀ ਸਦੀ ਗ਼ਲਤ ਦਸਿਆ ਜਾਂਦਾ ਹੈ ਕਿ ਔਰੰਗਜ਼ੇਬ ਮੁਸਲਮਾਨਾਂ ਦਾ ਸਭ ਤੋਂ ਵੱਡਾ ਹੀਰੋ ਸੀ, ਅੰਗਰੇਜ਼ਾਂ ਦੇ ਖਿਲਾਫ ਜਿਨਾਹ ਨੇ ਹੀ ਲੜਾਈ ਲੜੀ। ਮੁਸਲਮ ਲੀਗ ਨੇ ਹੀ ਸਭ ਕੁਝ ਕੀਤਾ। ਕਾਂਗਰਸ ਪਾਕਿਸਤਾਨ ਦੇ ਖਿਲਾਫ ਸੀ। ਮੇਰਾ ਚੈਲੰਜ ਏ ਕਿ ਜਿਹਨੇ ਪਾਕਿਸਤਾਨ ਦੀ ਹਿਸਟਰੀ 'ਚ ਐਮ. ਏ, ਜਾਂ ਪੀ. ਐਚ. ਡੀ. ਵੀ ਕੀਤੀ ਹੋਵੇ, ਉਸ ਨੂੰ ਵੀ ਨਹੀਂ ਪਤਾ ਹੋਵੇਗਾ ਕਿ ਕੂਕੇ, ਗ਼ਦਰੀ ਬਾਬੇ, ਅਕਾਲੀ ਬਬਰ, ਭਗਤ ਸਿੰਘ ਹੋਰੀਂ ਤੇ ਕਿਰਤੀ ਕਿਸਾਨ ਪਾਰਟੀ ਵਾਲੇ ਕੌਣ ਸਨ : ਲੋਕਾਂ ਨੂੰ ਭਗਤ ਸਿੰਘ ਦਾ ਨਾਂ ਪਤੈ, ਪਰ ਲਿਖਤੀ ਹਿਸਟਰੀ ਵਿਚ ਉਹਦਾ ਕੋਈ ਜ਼ਿਕਰ ਨਹੀਂ।

ਪਾਕਿਸਤਾਨ ਬਣਿਆਂ ਤਾਂ ਡਾਕਟਰ ਸਜਾਦ ਅਬਦੁਲਾ ਕਿਊਮ ਨਜ਼ਰ ਵਗੈਰਾ ਲੋਕਾਂ ਨੇ ਰੌਲਾ ਪਾ ਦਿਤਾ ਕਿ ਮੁਲਕ ਵਿਚ ਮੁਣਸ਼ੀ ਪ੍ਰੇਮ ਚੰਦ ਵਰਗੇ ਹਿੰਦੂ ਦੀਆਂ ਲਿਖਤਾਂ ਕਿਉਂ ਪੜ੍ਹਾ ਰਹੇ ਹੋ ? ਜਲਸੇ ਜਲੂਸ ਹੋਏ। ਆਖਰ ਗੌਰਮਿੰਟ ਨੇ ਮੁਣਸ਼ੀ ਨੂੰ ਸਲੇਬਸ ਵਿਚੋਂ ਕਢ ਦਿਤਾ। ਮੈਨੂੰ ਯਾਦ ਹੈ ਕਿ ਇਹਨਾਂ ਲੋਕਾਂ ਨੇ ਉਦੋਂ ਮਠਿਆਈ ਵੰਡੀ ਸੀ। ਸਾਡਾ ਹਿੰਦੀ ਪੜ੍ਹਨਾ ਤਾਂ ਬੜੀ ਦੂਰ ਦੀ ਗੱਲ ਹੈ, ਹਿੰਦੀ ਦਾ ਨਾਂ ਲੈਣਾ ਵੀ ਗ਼ਦਾਰੀ ਦੇ ਬਰਾਬਰ ਹੈ।

### * ਪੰਜਾਬੀ ਸਾਹਿਤ *

ਪਾਕਿਸਤਾਨ ਦੇ ਬਾਨੀ ਮੁਹੰਮਦ ਅਲੀ ਜਿਨਾਹ ਨੇ ਆਖਿਆ ਸੀ ਕਿ ਉਰਦੂ ਪਾਕਿਸਤਾਨ ਦੀ ਕੌਮੀ ਜ਼ਬਾਨ ਏ। ਪਾਕਿਸਤਾਨ ਦੇ ਹੁਣ ਤਕ ਦੇ ਹੁਕਮਰਾਨਾਂ ਨੇ ਸਾਜ਼ਸ਼ ਤਹਿਤ ਉਰਦੂ ਨੂੰ ਮਲੋਮਲੀ ਚਾਰ ਸੂਬਿਆਂ ਦੇ ਗਲ ਪਾਇਆ ਏ। ਪਹਿਲਾਂ-ਪਹਿਲ ਜਦ ਪੰਜਾਬੀ-ਬੋਲੀ ਪੜ੍ਹਨ ਤੇ ਪੰਜਾਬੀ ਵਿਚ ਲਿਖਣ ਦੀ ਗੱਲ ਤੁਰੀ ਤਾਂ ਕੱਟੜ ਕਿਸਮ ਦੇ ਬੰਦਿਆਂ ਨੇ ਰੌਲਾ ਪਾਇਆ ਕਿ ਪੰਜਾਬੀ ਤਾਂ ਪੂਰਬੀ ਪੰਜਾਬ ਦੇ ਸਿਖਾਂ ਦੀ ਹਮਾਇਤ ਏ। "ਪੰਜਾਬੀ ਸੰਗਤ" ਜਦੋਂ ਲਾਹੌਰ ਵਿਚ ਸ਼ੁਰੂ ਹੋਈ ਤਾਂ ਸੁਣਨ ਵਾਲਿਆਂ ਨਾਲੋਂ ਵਧ ਸੀ. ਆਈ. ਡੀ. ਵਾਲੇ ਆਉਂਦੇ ਹੁੰਦੇ ਸਨ।

ਹੌਲੀ ਹੌਲੀ ਲੋਕਾਂ ਦਾ ਜ਼ਿਹਨ ਖੁਲ੍ਹਦਾ ਗਿਆ। ਉਹਨਾਂ ਨੂੰ ਸਮਝ ਆਈ ਕਿ ਕੀ ਗ਼ਲਤ ਤੇ ਕੀ ਠੀਕ ਏ। ਸਾਡੇ ਵਲ ਪੰਜਾਬੀ ਅਦਬ ਤੱਰਕੀ ਕਰ ਰਿਹੈ। ਜਿਹੜੇ ਪਹਿਲਾਂ ਮੁਖ਼ਾਲਫ਼ਤ ਕਰਦੇ ਸਨ, ਹੁਣ ਉਹ ਖੁਦ ਪੰਜਾਬੀ ਵਿਚ ਲਿਖ ਰਹੇ ਹਨ। ਲੋਕਾਂ ਨੂੰ ਪਤਾ ਲਗ ਗਿਆ ਕਿ ਪੰਜਾਬ ਅਤੇ ਪੰਜਾਬੀ ਦੇ ਹਵਾਲੇ ਨਾਲ ਹੀ ਤੁਸੀਂ ਜ਼ਿੰਦਾ ਰਹਿ ਸਕਦੇ ਹੋ। ਉਹਨਾਂ ਨੂੰ ਪਤਾ ਲਗ ਗਿਐ ਕਿ ਆਉਣ ਵਾਲਾ ਵਕਤ ਪੰਜਾਬੀ ਦਾ ਹੀ ਹੋਵੇਗਾ। ਸਰਮਦ ਸਵਾਈ ਨੇ ਕਸਮ ਖਾਧੀ ਕਿ ਉਹ ਅਗੇ ਤੋਂ ਉਰਦੂ ਵਿਚ ਨਹੀਂ ਲਿਖੇਗਾ। ਮੈਂ ਇਹ ਤਾਂ ਨਹੀਂ ਕਹਿੰਦਾ ਕਿ ਸਾਡੇ ਇੰਡੀਆ ਜਿੰਨਾ ਕੰਮ ਹੋਇਐ ਪਰ ਜਿਨ੍ਹਾਂ ਹਾਲਾਤਾਂ ਵਿਚੋਂ ਅਸੀਂ ਗੁਜ਼ਰ ਰਹੇ ਹਾਂ ਤੇ ਗੁਜ਼ਰੇ ਹਾਂ, ਉਹਦੇ ਵਿਚ ਇੰਨਾ ਵੀ ਹੋ ਜਾਣਾ ਬੜੇ ਜੀਅ ਗੁਰਦੇ ਵਾਲੀ ਗੱਲ ਏ।

ਜਿਸ ਲਹਿਜੇ ਨਾਲ ਤੁਸੀਂ ਪੁਛਿਆ ਹੈ ਕਿ ਉਸ ਤੋਂ ਇੰਜ ਲਗਦੈ, ਜਿਵੇਂ ਪੁਰਾਣੇ ਪੰਜਾਬ ਤਾਈਂ ਉਦਰੇਵਾਂ – (Nostalgia) ਬੜੀ ਮਾੜੀ ਗੱਲ ਹੁੰਦੀ। ਮੁਮਕਿਨ ਹੈ, ਜਿਹੜੀਆਂ ਲਿਖਤਾਂ ਪੂਰਬੀ ਪੰਜਾਬ ਵਿਚ ਪਹੁੰਚੀਆਂ ਹੋਣਗੀਆਂ ਉਹ ਫੁਸਫੁਸੇ ਜਜ਼ਬਾਤ ਦੀਆਂ ਹੀ ਹੋਣ। ਪਰ ਬੜਾ ਚੰਗਾ ਤੇ ਧਾੜਕੂ ਕਿਸਮ ਦਾ ਅਦਬ ਸਾਡੇ ਲਿਖਿਆ ਜਾ ਰਿਹਾ ਹੈ। ਪਰ ਉਹਨਾਂ

ਨੂੰ ਛਾਪੇਗਾ ਕੌਣ ? ਜੋ ਤੁਹਾਡੇ ਵਲ ਲਿਖਤਾਂ ਛਪੀਆਂ ਹਨ, ਉਹ ਲਿਬਰਲ ਕਿਸਮ ਦੀਆਂ ਹੁੰਦੀਆਂ ਹਨ।

ਅੰਮ੍ਰਿਤਸਰ ਟੈਲੀਵੀਜ਼ਨ ਚੱਲਣਾ ਬਹੁਤ ਵਡਾ ਵਾਕਿਆ ਸੀ। ਸਾਨੂੰ ਸਮਝ ਆ ਗਈ ਸੀ ਕਿ ਅੰਮ੍ਰਿਤਸਰ ਟੈਲੀਵੀਜ਼ਨ ਦਾ ਮਤਲਬ ਹੀ ਪੰਜਾਬ ਤੇ ਪੰਜਾਬੀ ਹੈ। ਮੈਂ ਨਜ਼ਮ ਲਿਖੀ ਹੈ ਚੈਨਲ ਨੰਬਰ 7। ਪਰ ਮੇਰੀ ਇਹ ਨਜ਼ਮ ਛਾਪਣ ਨੂੰ ਕੋਈ ਤਿਆਰ ਨਹੀਂ।

ਦੋਨੋਂ ਪਾਸੇ ਗੌਰਮਿੰਟ ਨੇ ਸਾਜ਼ਸ਼ਾਂ ਕਰ ਕੇ ਪੰਜਾਬੀ ਬੋਲੀ ਵਿਚ ਮਲੋਮਲੀ ਫਾਰਸੀ ਤੇ ਸੰਸਕ੍ਰਿਤ ਦੇ ਲਫਜ਼ ਤੂੜੇ ਨੇ। ਨਮਾਜ਼ਾਂ ਮੱਥੇ 'ਤੇ ਮਹਿਰਾਬ ਤਾਂ ਬਣਾ ਸਕਦੀਆਂ ਨੇ, ਪਰ ਆਰਟ ਤੇ ਨਹੀਂ ਨਾ ਪੈਦਾ ਕਰ ਸਕਦੀਆਂ। ੦

[ਨੋਟ :– ਅਸਦ ਮੁਫਤੀ ਸਾਹਿਬ ਨੂੰ ਇਹ ਜਾਣ ਕੇ ਮਾਯੂਸੀ ਹੋਵੇਗੀ ਕਿ ਅੰਮ੍ਰਿਤਸਰ ਟੈਲੀਵੀਜ਼ਨ ਵਾਲਿਆ ਵੀ ਪੰਜਾਬੀ ਬੋਲੀ ਅਤੇ ਕਲਚਰ ਵਲ ਧਿਆਨ ਨਹੀਂ ਦਿਤਾ ਤੇ ਇਹ ਧਿਆਨ ਦਿਵਾਉਣ ਲਈ ਪੰਜਾਬੀ ਦੇ ਲੇਖਕਾਂ ਨੂੰ ਦੁਆਬਾ ਤਾਲਮੇਲ ਲੇਖਕ ਕਮੇਟੀ ਦੀ ਅਗਵਾਈ ਵਿਚ 6,9,81, ਜਲੰਧਰ ਟੈਲੀਵੀਜ਼ਨ ਬਾਹਰ ਧਰਨਾ ਦੇਣਾ ਪਿਆ।
— ਸੰਪਾਦਕ]

ਅਸਦ ਮੁਫਤੀ ਦੀਆਂ ਛੇ ਕਵਿਤਾਵਾਂ

## ਚੈਨਲ ਨੰਬਰ ਸੱਤ

(ਅੰਮ੍ਰਿਤਸਰ ਟੈਲੀਵੀਜ਼ਨ ਚਾਲੂ ਹੋਣ 'ਤੇ)

ਅਸੀਂ ਅਜ਼ਲ ਤੋਂ ਪਿਆਸੇ
ਪੁੱਤਰ ਢਾਈ ਦਰਿਆਵਾਂ ਦੇ
ਸੁੱਕੀਆਂ-ਸੜੀਆਂ ਜੀਭਾਂ ਕਢ-ਕਢ
ਵਲ ਅਸਮਾਨੀ ਬੂਥੇ ਚੁੱਕ-ਚੁੱਕ
ਚੀਕਾਂ ਪਏ ਮਾਰਦੇ ਹਾਂ,
ਕਿਸੇ ਵੀ ਸਾਡੀ ਬਾਤ ਨਾ ਪੁੱਛੀ
ਆਪਣਾ-ਆਪਣਾ ਆਖਣ ਵਾਲੇ ਕੈਦੋ ਬਣ ਗਏ
ਬੂੰਦ-ਬੂੰਦ ਪਾਣੀ 'ਚ ਦੇਵਣ
ਉਹ ਵੀ ਖ਼ਾਰਾ
ਖ਼ਾਰੇ ਪਾਣੀ ਕਦ ਕਿਸੇ ਦੀ ਪਿਆਸ ਬੁਝਾਈ ?
ਏਸ ਧਰਤੀ 'ਤੇ
ਢਾਈ ਦਰਿਆਵਾਂ ਦੀ ਧਰਤੀ 'ਤੇ
ਧੀਲੇ-ਪੀਲੇ ਅਸਮਾਨਾਂ 'ਤੇ
ਘੁੱਪ ਅਨ੍ਹੇਰੇ
ਗੀਤ ਸੰਗੀਤ ਨਾਚ ਕਹਾਣੀ
ਬੱਦਲ, ਚੰਨ, ਸੂਰਜ ਦੀਆਂ ਕਿਰਨਾਂ
ਨਾਨਕ ਬਾਹੂ ਵਾਰਿਸ
ਕਲਚਰ, ਮੂਰਤਾਂ, ਨਕਸ਼ੇ
ਕੁਝ ਨਾ ਲਭੇ
ਪੰਜ ਨੰਬਰ ਦਾ ਬਟਨ ਦਬਾ ਕੇ ਅੰਨ੍ਹੇ ਹੋ ਗਏ
ਪੂਰੀ ਨਸਲ ਗਵਾਈ
ਢਾਈ ਦਰਿਆਵਾਂ ਦੀ ਧਰਤੀ 'ਤੇ ਦੀਵਾ ਜਗਿਆ
ਲੋਕਾਂ ਰੌਲਾ ਪਾਇਆ
ਸੱਤ ਨੰਬਰ ਦਾ ਬਟਨ ਦਬਾਓ
ਸੱਤ ਨੰਬਰ ਦਾ ਬਟਨ ਦਾਬਓ
ਤੁਹਾਡੇ ਵਿਹੜੇ ਚਾਨਣ ਹੋਵੇ
ਖ਼ਵਰੇ ਹੁਣ ਵੀ ਪੰਜ ਦਰਿਆਵਾਂ ਦੀ ਧਰਤੀ 'ਤੇ
ਚਾਨਣ ਖਿਲਰੇ
ਲੋਕੀ ਸ਼ਾਮੋ-ਸ਼ਾਮ ਈ
ਕੱਚੀਆਂ-ਪੱਕੀਆਂ ਕੋਠੀਆਂ ਅੰਦਰ ਵੜ ਕੇ
ਸਭ ਨੰਬਰ ਦਾ ਬਟਨ ਦਬਾ ਕੇ ਬਹਿ ਜਾਂਦੇ ਨੇ...
ਦਿਨ ਹੋਵੇ ਜਾਂ ਰਾਤ
ਧੁੱਪ ਹੋਵੇ ਜਾਂ ਛਾਂ
ਮਾਘ ਹੋਵੇ ਜਾਂ ਪੋਹ
ਇਸ ਦੀਵੇ ਦੀ ਉੱਚੀ ਰਖਣੀ ਲੋਅ

੦

## ਸਫ਼ਰ ਦਾ ਇਕਲਾਪਾ

ਫੇਰ ਮੈਂ ਥੋਹੜਾ ਅੱਗੇ ਹੋਇਆ
ਕੀ ਮੈਂ ਦੇਖਾਂ
ਚਾਰੇ ਪਾਸੇ ਨੂਰ ਦੇ ਦਰਿਆ
ਚਾਰੇ ਨੁਕਰੀਂ ਚਾਨਣ
ਨਿੱਕੇ-ਵੱਡੇ ਸਭੇ
ਇਕ ਦੂਜੇ ਨੂੰ ਵੇਖ-ਵੇਖ ਕੇ
ਹਾਸੇ ਪਾਵਣ
ਹੱਸਦੀਆਂ ਅੱਖਾਂ
ਸੁਫਨੇ ਵੇਖਣ
ਫੇਰ ਵੇਲੇ ਸਾਜ਼ਸ਼ ਕੀਤੀ
ਆਪਣਾ-ਆਪਣਾ ਆਖਣ ਵਾਲੇ
ਸੰਨ੍ਹਾਂ ਲਾਵਣ ਲਗ ਪਏ
ਜ਼ੁਲਮ ਅਨ੍ਹੇਰਾ ਵਧਦਾ ਜਾਵੇ
ਨੂਰ ਦੀ ਬੂੰਦ ਕੋਈ ਹੱਥ ਨਾ ਆਵੇ
ਸਾਡੀਆਂ ਮਿਹਨਤਾਂ ਸਾਡੀਆਂ ਸੱਧਰਾਂ
ਸੰਨ੍ਹਾਂ ਲਾ ਕੇ ਲੈ ਗਏ

ਹੁਣ ਕੁਝ ਨਾ ਸਾਡੇ ਪੱਲੇ
ਏਸ ਸਫ਼ਰ ਵਿਚ ਅਸੀਂ ਕੱਲੇ ਦੇ ਕੱਲੇ

o

## ਖ਼ਬਰੇ ਇਕ ਦਿਨ

ਖ਼ਬਰੇ ਕਿਵੇਂ
ਫੇਰ ਤੂੰ ਇਕ ਦਿਨ
ਮੇਰੇ ਪਿੰਡ ਵਿਚ ਵਾਪਸ ਆਈ
ਝਿਲ ਮਿਲ ਜੋੜਾ ਪਾ ਕੇ
ਮੱਥੇ ਚੰਨ ਦੀ ਦੌਣੀ ਲਾ ਕੇ
ਕਾਰ ਚੋਂ ਪਹਿਲਾਂ ਤੂੰ ਹੱਸ ਉਤਰੀ
ਫੇਰ ਤੇਰਾ ਉਹ ਸੰਗੀ ਸਾਥੀ
ਜਿਸ ਦੀ ਖ਼ਾਤਰ ਚੌਧਰੀ ਹੁਰਾਂ
ਮੇਰੇ ਪਿਆਰ ਨੂੰ ਠੋਹਕਰ ਮਾਰੀ
ਉੱਚੇ-ਉੱਚੇ ਬੋਦੇ ਵਾਹ ਕੇ
ਖੱਬਾ ਹੱਥ ਖੀਸੇ ਵਿਚ ਪਾ ਕੇ
ਹੇਠਾਂ ਮੱਥਾ
ਠਾਹ-ਠਾਹ ਬੂਹੇ ਬੰਦ ਚਾ ਕੀਤੇ
ਸਾਰੇ ਲੋਕੀਂ
ਇਕ-ਇਕ ਕਰਕੇ
ਮਲਿਕ ਸਾਹਬ ਨੂੰ ਮਿਲ ਆਏ ਨੇ
ਮੈਂ ਵੀ ਇਕ ਦਿਨ ਮਿਲ ਆਵਾਂਗਾ
ਪਰ ਜੇ ਤੂੰ ਵੀ
ਹੋ ਸਕਦਾ ਏ
ਕੋਲ ਈ ਬੈਠੀ
ਕੁਰਤਾ ਚੁਕ ਕੇ ਦੁਧ ਪਿਲਾਂਦੀ
ਆਪਣੀ ਨਜ਼ਰਾਂ ਹੇਠਾਂ ਰਖੀ।

o

## ਫ਼ੈਸਲਾ

ਇਕ ਦਿਨ ਆਖਣ ਲੱਗੀ,—
ਚਲ ਨੱਸ ਚਲੀਏ...
ਹੁਣ ਨਸਦਿਆ-ਨਸਦਿਆਂ ਇਹ ਦਿਨ ਆਇਆ
ਉਹ ਕਿਥੇ ਰਹਿ ਗਈ
ਤੇ ਮੈਂ ਕਿਥੇ ਪਹੁੰਚ ਗਿਆ

o

## ਉਸ ਤੋਂ ਬਾਅਦ

ਤੂੰ ਉਸ ਬੰਨੇ
ਮੈਂ ਏਸ ਪਾਸੇ
ਵਿਚਕਾਰ ਅਸਾਡੇ
ਟੁੱਟੇ-ਭੱਜੇ ਕੌਲ-ਕਰਾਰ ਦੀ ਕਬਰ ਆ ਪਈ
ਦੋਹਵੇਂ ਏਸ ਕਬਰ ਵਿਚ
ਦਫ਼ਨਾ ਦਈਏ ਦਸ ਵਰ੍ਹਿਆਂ ਦੀ ਜ਼ਿੰਦਗੀ
ਪਿਆਰ ਵਿਚ ਬੇ ਹੋਏ ਛੂੱਅੱਖ਼ਰਾਂ ਦੀ ਮਈਅਤ
ਤੇ ਫੇਰ ਪੁਈ ਚਾਨਣ ਜਾਗੇ
ਏਸ ਤੋਂ ਪਹਿਲਾਂ
ਘਰਾਂ ਨੂੰ ਮੁੜ ਜਾਈਏ

o

## ਕਲਮ-ਕੱਲਾ

ਏਸ ਦੁਨੀਆ 'ਤੇ ਜਦ ਮੈਂ ਆਇਆ
ਖ਼ਾਲੀ ਸੀ ਇਹ
ਸੋਹਣੀ-ਸੋਹਣੀ ਧਰਤੀ ਕਰਮਾਂ ਵਾਲੀ ਸੀ ਇਹ
ਮੈਂ ਧਰਤੀ ਨੂੰ ਚੀਰ-ਚਾ ਖਾਧਾ
ਵਿਚੋਂ ਨਿਕਲੇ ਰੰਗ-ਬਰੰਗੇ ਮੋਤੀ
ਜਿੰਨਾ ਖੋਹ ਲਏ
ਮੈਂ ਭੁੱਖੇ ਦਾ ਭੁੱਖਾ
ਫੇਰ ਮੈਂ ਥੋਹੜਾ ਗਾਰਾ ਗੁੰਇਆ
ਮੈਂ ਕੱਲਾ ਸਾਂ, ਫੇਰ ਕੀ ਹੋਇਆ
ਜਦ ਕੁਝ ਬਣਿਆ ਰਹਿਣ ਮੇਰੇ ਨੂੰ ਢਾਰਾ
ਭੂਤਾਂ ਘੇਰੇ ਪਾ ਲਏ
ਮੇਰੇ ਦਿਲ ਵਿਚ ਹੂਕ ਚਾ ਉੱਠੀ
ਇਹ ਵੀ ਮਿਹਨਤ ਜ਼ਾਇਆ ਜਾਣੀ
ਹੁਣ ਮੈਂ ਸੋਚਾਂ
ਮੇਰੇ ਦਮ ਨਾਲ ਚਾਨਣ ਹੋਵੇ
ਮੇਰੇ ਦਮ ਨਾਲ ਦੁਨੀਆ ਵੱਸੇ
ਮੈਂ ਜੇ ਹੋਵਾਂ ਸਭ ਕੁਝ ਹੋਵੇ
ਮੈਂ ਵਾਂ ਕੀ ਇਹ ਕੋਈ ਦੱਸੇ
ਮੈਂ ਸਦੀਆਂ ਤੋਂ ਖਾਂਦਾ ਆਵਾਂ
ਫੇਰ ਵੀ ਭੁੱਖਾ
ਮੈਂ ਸਦੀਆਂ ਤੋਂ ਪਾਂਦਾ ਆਵਾਂ
ਫੇਰ ਵੀ ਨੰਗਾ
ਮੈਂ ਸਦੀਆਂ ਤੋਂ ਭੁੱਖਣ ਭਾਣਾ
ਮੈਂ ਸਦੀਆਂ ਤੋਂ ਕਲਮ-ਕੱਲਾ
ਮੈਂ ਹਾਂ ਡਰਦਾ
ਕਿਧਰੇ ਕੱਲਾ ਬੈਠ ਬੈਠ ਕੇ
ਬਣ ਨਾ ਜਾਵਾਂ ਅੱਲਾ !

o

# ਖੁਦਕਸ਼ੀ /ਦਰਸ਼ਨ ਖਟਕੜ

[ਮੁਕਤੀ ਦਾ ਰਾਹ ਇਕ ਲੰਮਾ ਸਫ਼ਰ ਹੈ। ਤੁਰਦੇ-ਤੁਰਦੇ ਰਾਹੀ ਕਈ ਵਾਰ ਥੱਕ ਜਾਂਦੇ ਹਨ। ਇਸ ਥਕਾਵਟ ਨੂੰ, ਜੇਕਰ ਇਮਾਨਦਾਰੀ ਨਾਲ ਮਹਿਸੂਸ ਕੀਤਾ ਜਾਵੇ ਤਾਂ ਬੰਦਾ ਥੋੜਾ ਸਾਹ ਲੈਣ ਲਈ ਰੁਕ ਜਾਂਦਾ ਹੈ। ਪਿਛੇ ਕੀਤੇ ਸਫਰ ਦੀਆਂ ਔਕੜਾਂ ਦੇ ਤਜਰਬੇ ਵਿਚ ਸਫ਼ਰ ਦੇ ਅਗਲੇ ਪੜਾਅ ਲਈ ਤਿਆਰੀ ਕਰਦਾ ਹੈ। ...ਪਰ ਕਈ ਆਪਣੀ ਥਕਾਵਟ ਉਤੇ ਪਰਦਾ ਪਾਉਂਦੇ ਹਨ। ਆਪਣੇ ਆਪ ਨੂੰ ਸੂਰਮਾ ਦੱਸਦੇ ਹੋਏ, ਉਹ ਸਫਰ ਨੂੰ ਹੀ ਬੇਫਾਇਦਾ ਕਰਾਰ ਦੇਣ ਦੀ ਫਿਕਰ ਵਿਚ ਲਗ ਜਾਂਦੇ ਹਨ ਇਹ ਉਹਨਾਂ ਦੀ ਖੁਦਕਸ਼ੀ ਦਾ ਰਾਹ ਹੁੰਦਾ ਹੈ ਪਰ ਉਹ ਇਸ ਨੂੰ ਸਿਧਾਂਤਕ ਸਿਆਣਪ ਸਿਧ ਕਰਨ ਲਈ ਬਹਿਸਦੇ ਹਨ। ਉਹਨਾਂ ਲੋਕਾਂ ਨੂੰ ਸੰਬੋਧਨ ਦਰਸ਼ਨ ਖਟਕੜ ਦੀ ਇਹ ਕਵਿਤਾ ਇਸ ਦੌਰ ਦੀ ਮੱਹਤਵ ਪੂਰਬ ਕਾਵਿ ਰੱਚਨਾ ਹੈ।
— ਸੰਪਾਦਕ]

ਆ, ਏਧਰ ਪਰਤ ਆ
ਭਟਕਦਾ, ਖਾਲ੍ਹੀ, ਉੱਜੜਿਆ
ਕਾਲ੍ਹਾ ਰਾਹ ਖੁਦਕਸ਼ੀ ਦਾ,
ਏਸ 'ਤੇ ਨਾ ਪੈਰ ਧਰ।
ਭਰੀਆਂ ਸਭਾਵਾਂ 'ਚ ਲੈ ਕੇ
ਜ਼ਿੰਦਗੀ ਤੋਂ ਬਖਸ਼ਿਸ਼ਾਂ,
ਹੁੰਦੇ ਹੋਏ ਮੰਗਰ, ਬੇਈਮਾਨ ਦੇ ਵਾਂਗੂੰ,
ਭਰ-ਚੁਰਾਹੇ ਰਿਹਾਂ ਮੁੱਕਰ।
ਜ਼ਿੰਦਗੀ ਦੀਆ ਸੱਚੀਆਂ ਸੁਣਕੇ
ਘੁੱਟ ਗਲ੍ਹਾ ਮਾਰਨ ਦਾ ਝੱਲ,
ਛੱਡ, ਤੇ ਆ ਮੁੜ ਚੱਲ
ਵੇਸਵਾ ਦੀ ਸ਼ਰਮ ਵਰਗਾ ਰਾਹ ਹੈ ਖੁਦਕਸ਼ੀ ਦਾ।

ਉਹ ਜੋਸ਼, ਹੌਸਲਾ, ਹਿੰਮਤ
ਕਿਸ ਮਖੌਟੇ ਦੀਆਂ ਡੋਰਾਂ ਸਨ ?
ਕੱਚੀ ਉਮਰ ਦੇ ਬਹਾਨੇ ਦੀ ਗਾਚੀ ਦੇ ਨਾਲ,
ਸਫ਼ਰ ਦੇ ਖੁਸ਼ਖਤ ਅੱਖਰ ਨਾ ਧੋਅ,
ਦੋਸ਼ ਨਾ ਧਰ ਮਰੀਚਕ ਹੋਣ ਦਾ,
ਜ਼ਿੰਦਗੀ ਦੇ ਆਸ਼ਕ ਸਿਰਾਂ ਉੱਪਰ ਤੂੰ...
ਇੰਝ ਬਹਾਨੇ ਖੁਦਕਸ਼ੀ ਦੇ ਭਾਲ ਨਾ...।
ਕਾਲਖਾਂ ਦੇ ਵਿੱਟੇ ਝੋਟੇ ਨੂੰ
ਮਸਤ ਹਾਥੀ ਸ਼ਰਾਬੀ ਨਾ ਬਣਾ
ਕਿਰਨ ਦੀ ਬਰਛੀ ਨੂੰ
ਕਹਿ ਕੇ ਟੁੱਟ ਗਈ
ਲੁਕਦਾ ਨਾ ਜਾ,
ਆ, ਇੱਧਰ ਵਾਪਸ ਪਰਤ ਆ
ਭਟਕਦਾ, ਖਾਲ੍ਹੀ, ਉੱਜੜਿਆ
ਕਾਲ੍ਹਾ ਰਾਹ ਖੁਦਕਸ਼ੀ ਦਾ...।
ਇਹ ਉਸ ਜ਼ਿੰਦਗੀ ਦੀ ਬਖਸ਼ਿਸ
ਤਮਗੇ, ਮਾਣ-ਪੱਤਰ ਗਵਾਹੀ ਨੇ
ਕਿ ਤੂੰ ਹਮ-ਸਫ਼ਰ ਜ਼ਿੰਦਗੀ ਦਾ ਸੀ।
ਇਹ ਬੜਾ ਲੋਕਾਂ ਦਾ ਸੰਗ
ਉਤ ਸ਼ੁਕਰਾ, ਸ਼ਰਧਾ, ਮੁਹੱਬਤ ਦੇ ਪਹਿਰਾਵੇ 'ਚ
ਤੇਰੇ ਦੁਆਲੇ
ਦਾਦ-ਪਰਸ਼ੰਸ਼ਾ ਦੇ ਲੈ ਕੇ ਹਾਰ ਜੁੜਿਆ ਹੈ
ਉਸ ਜ਼ਿੰਦਗੀ ਦੇ ਦਰਸ਼ਕਾਂ ਦਾ
ਬਣ ਕੇ ਜਗਿਆਸੂ
ਇਸ ਨੂੰ ਮੁਖਾਤਿਬ ਤਾਂ ਹੋ...।

ਪਰ ਬਹਿ ਗਿਆਂ ਤੂੰ ਬੁੱਤ ਜਿਹਾ ਬਣਕੇ,
ਭੇਖ ਧਾਰੀ ਸਾਧ ਦੇ ਵਾਂਗੂੰ
ਬੀਤ ਗਏ ਦੇ ਪੰਨਿਆ ਤੋਂ
ਕਥਾਂ ਕਰਦਾ ਜਾ ਰਿਹੈਂ
ਹੱਡ-ਬੀਤੇ, ਬੀਤ ਰਹੇ ਦਾ,
ਲਿਖ ਰਿਹਾਂ ਆਪੇ ਤਲਾਕ,
ਇੱਕ ਬਣਾਕੇ ਪਰੀ-ਗਾਥਾ ਕੋਈ
ਅਣਜਾਣ, ਅੱਲੜ ਕੱਠ ਨੂੰ ਪਰਚਾਅ ਰਿਹੈਂ
ਬੈਠ ਕੇ ਇਉਂ ਸਿਉਂਕਿ ਦਾ ਖਾਜਾ ਨਾ ਬਣ
ਜ਼ਿੰਦਗੀ ਦੇ ਫੇਫੜੀਂ ਨਾ ਵਾੜ ਤਪਦਿੱਕ ਦੇ ਜਰਮ
ਖੁਦਕਸ਼ੀ ਦੇ ਰਾਸਤੇ ਤੋਂ ਬਾਜ਼ ਆ।

ਮੋਹ-ਗ੍ਰਸਤ ਮਾਵਾਂ ਦੇ ਡੌਂਬਾਂ
ਹੌਕਿਆਂ ਦੀਆਂ ਲੱਕੜਾਂ ਚੁੱਕੀ
ਤੇ ਪਿਉ ਕੰਬਦੇ ਹੱਥਾਂ ਦੀ ਕੰਬਣੀ
ਨੂੰ ਬਣਾ ਤੀਲੀ
ਆਪਣੇ ਹੀ ਸਿਵੇ ਨੂੰ
ਆਪ ਹੀ ਦਿੰਦਾਂ ਏਂ ਅੱਗ
ਲੂਹ ਰਿਹਾਂ ਜ਼ਿੰਦਗੀ ਦੇ ਖੰਭ
ਸੰਗਰਮ ਦੇ ਰਸਤੇ 'ਚ ਧੂੰਆਂ ਕਰ ਰਿਹੈਂ
ਕੁੱਝ ਹੋਸ਼ ਕਰ
ਖੁਦਕਸ਼ੀ ਦੀ ਲੀਹ ਨਾ ਚੜ੍ਹ
ਵਾਪਸ ਪਰਤ ਆ।
ਰੱਖੜੀ ਦੀ ਡੋਰ ਉਦੋਂ ਲੱਗੀ ਸੀ
ਰਸਮ ਦਾ ਬੇ-ਫੈਸ਼ਨਾ ਬਸਤਰ

ਲੋਹੇ ਦਾ ਖਾਜਾ ਜੋ ਬਣ ਚੁੱਕਾ – ।
ਪਿੱਠ ਉਪਰ ਫੇਰ ਅੱਜ ਉਹੀਉ ਤਿਹਾਰ,
ਡੋਰੀਆਂ ਨੂੰ ਇਉਂ ਨਾ ਰੱਸੇ ਬਣਾ,
ਵਾਪਸ ਪਰਤ ਆ ।

ਧੀਆਂ ਦੀ ਤੋਤਲੀ ਬੋਲੀ ਉਦੋਂ ਤਾਂ
ਰੋਗੀ ਦੇ ਕੰਨੀ ਪੈ ਰਿਹਾ ਕਣਤਾਊ ਰੌਲਾ ਸੀ
ਹਥੌੜੇ ਵਾਂਗ ਪੁੜ-ਪੁੜੀਆਂ 'ਚ ਵੱਜਦਾ ਜੋ
ਅੱਜ ਕਿਵੇਂ ਉਹ ਬਣ ਗਿਆ
ਮਧੁਰ-ਸੁਰ ਸੰਗੀਤ ਇੱਕ ?
ਕਿਸੇ ਦੀਆਂ ਕੂਲ੍ਹੀਆਂ, ਨਰਮ ਬਾਹਾਂ ਦੇ ਰੋਮ
ਕਦੇ ਕੰਡੇ ਬਣਕੇ ਚੁੱਭਦੇ ਰਹੇ
ਅੱਜ ਉਹੀ ਬਾਹਾਂ ਦੇ ਹਾਰ
ਨਾਗ ਬਣ ਕਿਉਂ ਸੁਫਨਿਆਂ ਵਿਚ ਰੀਂਗਦੇ ਫਿਰਦੇ ?

ਕਾਣ-ਪਏ ਮੰਜਿਆਂ ਦੀ ਕਾਣ
ਕੱਢ ਲੈਂਦਾ
ਕਾਇਆ ਕੁਝ ਆਰਾਮ ਕਰ ਲੈਂਦੀ
ਸਫ਼ਰ ਲਈ ਸ਼ਕਤੀ ਉਸ ਲਈ...।
ਹੁਣ ਇੱਕ ਬਿੰਦੂ, ਇੱਕ ਵਿਆਸ, ਉਹੀ ਚੱਕਰ.

ਸਫ਼ਰ ਦੀ ਨਾ ਕਰ ਤੌਹੀਨ...।
ਲੰਬੀਆਂ ਵਾਟਾਂ ਲਈ
ਮੱਥੇ ਬਿਆਈਆਂ ਸੀ ਤੁਰੇ ਜਿਹੜੇ ਲਿਖਾ
ਪੈਰ ਉਹ
ਤੋਰੀਆਂ ਤੇ ਛਾਵਿਆਂ ਨਾਲ ਕੂਚ ਕੇ
ਵੈਸਾਨੀਨਾ ਨੂੰ ਝੱਸ
ਸੂਹਜ ਨੂੰ ਨਾ ਪਤਿਤ ਕਰ ।
ਮੁਲੰਮੇਦਾਰ ਸਟੀਲੀ-ਚਮਕ ਵਰਗੀ
ਚਮਕ ਹੈ ਇਸ ਮੁੜ-ਵਸੇਬੇ ਦੀ – ।
ਆ ਉਰੇ ਔਹ ਤੱਕ,
ਪਿਲ੍ਹਚੇ ਪਏ ਕੁਝ ਰੀਂਗਦੇ ਹੋਏ ਗੰਡੋਏ ਨੇ
ਉੱਠਦੀ ਕਚਿਆਂਦ ਤੇ ਆਇਆ ਉੱਬਤ
ਹੋਣੀ ਹੈ ਇਸ ਖੁਦਕਸ਼ੀ ਦੀ ... ।
ਦਿਲੋਂ ਜੰਮੇ, ਸਿਰੇ ਜੰਮੇ ਜੋ ਕਦੇ
ਉਨ੍ਹਾਂ ਲਈ ਸੱਪਣੀ ਨਾ ਬਣ
ਨਿਗਲੀ ਨਾ ਜਾ
ਵਾਪਸ ਪਰਤ ਆ
ਭਟਕਦਾ, ਖਾਲੀ, ਉੱਜੜਿਆ,
ਕਾਲ੍ਹਾ ਰਾਹ ਖੁਦਕਸ਼ੀ ਦਾ
ਏਸ 'ਤੇ ਨਾ ਪੈਰ ਧਰ ।

o

---

(ਕਾਲੇ ਕਨੂੰਨ ਦੇ ਨਾਂ)

## ਫੇਰ ਉੱਠੇ ਕਾਫਲੇ

o

ਧਰਮਪਾਲ ਉਪਾਸ਼ਕ

ਦਿਲਾਂ 'ਚ ਭੁਚਾਲ
ਸਾਡੇ ਕਦਮਾਂ 'ਚ ਤਾਲ ਵੇਖ
ਦਿਨੋ ਦਿਨ ਹੋਰ ਤੇਜ਼
ਸੂਝ ਦਾ ਜਲਾਲ ਵੇਖ
ਦਿਨੋਂ ਦਿਨ ਹੋਰ ਉੱਚੀ
ਮਘਦੀ ਮਸਾਲ ਵੇਖ
ਟੁੱਟ ਰਿਹਾ ਪੂੰਜੀ ਪਤੀ
ਸਾਹਾਂ ਉੱਤੇ ਆ ਗਿਆ
ਫੇਰ ਬੁਖਲਾ ਗਿਆ
ਵੱਡੇ ਵੱਡੇ ਸਿੰਗਾਂ ਵਾਲਾ
ਵੱਡੇ ਵੱਡੇ ਨੌਹਾਂ ਵਾਲਾ
ਫ਼ੇਰ ਖੂਨ ਖਾਰ ਦੈਂਤ
ਨੰਗਾ ਹੋ ਕੇ ਨੂਚਿਆ
ਰਾਤਾਂ ਨਾਲੋਂ ਵੱਧ ਕਾਲੇ
ਦਿਨ ਲੈ ਕੇ ਆ ਗਿਆ
ਆ ਗਿਆ ਹੈ ਫੇਰ ਦੈਂਤ

ਦੋਹਾਂ ਸਿੰਗਾਂ ਵਿਚ ਸਾਰੇ
ਲੈ ਲਵੇਗਾ ਦੇਸ ਨੂੰ
ਕਾਰਖਾਨੇ, ਦਫ਼ਤਰਾਂ
ਕਿਸਾਨਾਂ ਅਤੇ ਖਾਨਾ ਵਿਚ
ਲੰਮੇ ਲੰਮੇ ਨੌਹਾਂ ਨਾਲ
ਹੱਕਾਂ ਨੂੰ ਵਲੂੰਦਰੇਗਾ
ਫੇਰ ਪੰਜਾ ਪਾ ਰਿਹਾ
ਕਿਰਤ ਨੂੰ ਗੁਲਾਮੀਆਂ ਦਾ
ਫੇਰ ਸਾਡੇ ਦਿਲਾਂ ਚੀਆਂ
ਅੰਦਰਾਂ ਨੂੰ ਹੱਥ ਪਿਆ
ਫੇਰ ਸਾਡੇ ਗੀਤਾਂ ਦਿਆਂ
ਬੋਲਾਂ ਉੱਤੇ ਪਹਿਰਾ ਲਗਾ
ਫੇਰ ਰੋਟੀ ਮੰਗਦਿਆਂ
ਸੰਘਾਂ 'ਚ ਬਰੂਦ ਦਿਤਾ
ਫੇਰ ਸਾਡੇ ਪੇਟ ਉੱਤੇ
ਪੈਰ ਟਿਕੇ ਭਾਰੇ ਭਾਰੇ
ਵੱਡੇ ਵੱਡੇ ਨੌਹਾਂ ਵਾਲੇ
ਫੇਰ ਇਤਿਹਾਸ ਨੂੰ ਹੈ
ਪੁਠਾ ਗੇੜਾ ਆ ਗਿਆ
ਦਫ਼ਤਰ ਤੇ ਕਾਰਖ਼ਾਨੇ

ਫੇਰ ਬਣੇ ਜੇਲ੍ਹਖਾਨੇ
ਬੋਲੀਆਂ ਸੰਗੀਨਾ ਫੇਰ
ਸਿਰ ਸੁੱਟ ਕੰਮ ਕਰੋ
ਨਹੀਂ ਜੇਲਾਂ ਵਿਚ ਸੜੋ
ਫੇਰ ਸਾਡੇ ਹੱਕਾਂ ਦਿਆਂ
ਸਾਹਾਂ ਨੂੰ ਸਰਾਲ ਪੀ ਗਈ
ਟਹਿਕ ਰਹੇ ਫੁੱਲਾਂ ਦਿਆਂ
ਹਾਸਿਆਂ ਨੂੰ ਪੀ ਲਿਆ
ਫੇਰ ਲੋਕ-ਰਾਜ ਦਾ
ਮਖੌਟਾ ਲਥਾ ਚਿਹਰੇ ਉੱਤੋਂ
ਫੇਰ ਸਾਡਾ ਹਾਲ ਵੇਖ
ਲਾਲ ਕਿਲਾ ਕੰਬਿਆ
ਦੈਂਤ ਨੂੰ ਭਜਾਣ ਲਈ
ਡੂੰਘਿਆਂ ਦਬਾਣ ਲਈ
ਫੇਰ ਕੁਰਬਾਨੀਆਂ
'ਸਿਕਾਗੋ' ਦੀਆਂ ਯਾਦ ਆਈਆਂ,
ਹੱਕ ਵਾਲਾ ਬੂਟਾ ਜਿਹੜਾ
ਖੂੰਨ ਦੇ ਕੇ ਸਿੰਜਿਆ।
ਮਿਲਾਂ ਵਿਚੋਂ ਖੇਤਾਂ ਵਿਚੋਂ
ਦਫ਼ਤਰਾਂ ਤੇ ਘਰਾਂ ਵਿਚੋਂ
ਫੇਰ ਉੱਠੇ ਕਾਫਲੇ
ਫੇਰ ਜ਼ਿੰਦਾਬਾਦ ਨਾਲ
ਅੰਬਰਾਂ 'ਚ ਹੂਕ ਉੱਠੀ
ਫੇਰ ਉੱਠੇ ਕਾਫਲੇ
ਫੇਰ ਅਸੀਂ ਜ਼ੁਲਮ ਨਾਲ
ਜੂਝਣਾ ਜੁਝਾਰ ਬਣ
ਫੇਰ ਅਸੀਂ ਤਲੀ ਧਰ
ਨਿਕਲੇ ਮਦਾਨ ਵਿਚ
ਸਦਾ ਜ਼ਿੰਦਾ ਰਖਣਾ ਹੈ
ਸੱਚ ਨੂੰ ਜਹਾਨ ਵਿਚ

ਫੇਰ ਅਸੀਂ ਜ਼ਰਾ ਜ਼ਰਾ
ਜੋੜ ਦੇਣਾ ਪਰਬਤਾਂ 'ਚ
ਫੇਰ ਅਸੀਂ ਪਾਪ ਦਿਆਂ
ਭਰਮਾਂ ਨੂੰ ਤੋੜ ਦੇਣਾ
ਔੜ ਮਾਰੀ ਧਰਤੀ ਤੇ
ਵਸਣਾ ਘਟਾਵਾਂ ਬਣ
ਫੇਰ ਸਾਰਾ ਕੋੜ੍ਹ ਅਸੀਂ
ਹੜ੍ਹਾਂ ਵਿਚ ਰੋੜ ਦੇਣਾ
ਫੇਰ ਚੜ੍ਹ ਸੂਰਜਾਂ ਨੇ
ਕਾਲੇ ਦਿਨ ਡੀਕ ਲੈਣੇ
ਸਿੰਗਾਂ ਵਾਲੇ ਸਿਰਾਂ ਉਤੋਂ
ਲੰਘ ਜਾਣੇ ਕਾਫਲੇ
ਆਪਣੇ ਹੀ ਨੌਹਾਂ ਨਾਲ
ਢੇਰੀ ਹੋਣਾ ਦੈਂਤ ਨੇ
ਲੰਮੇ ਸੰਗਰਾਮ ਉੱਤੇ
ਅੱਖ ਸੰਗਰਾਮੀਆਂ ਦੀ
ਫੇਰ ਗੂੜ੍ਹਾ ਰੰਗ ਹੋਣਾ
ਹੋਰ ਇਤਿਹਾਸ ਦਾ
ਸਿਰ ਸੁਟੀ ਲਾਲ ਕਿਲਾ
ਫੇਰ ਅੰਗੜਾਈ ਲੈ ਕੇ
ਖਿੜੇਗਾ ਗੁਲਾਬ ਵਾਂਗ
ਫੇਰ ਉੱਠੇ ਕਾਫਲੇ
ਫੇਰ ਇਹਦਾ ਰੰਗ
ਸਾਡੇ ਲਹੂ ਨਾਲ ਮਹਿਕ ਜਾਣਾ
ਫੇਰ ਸਾਡੀ ਕਿਰਤ ਨੇ
ਗੁਲਾਬ ਵਾਂਗ ਟਹਿਕ ਜਾਣਾ
ਫੇਰ ਸਾਡੀ ਕਿਰਤ ਨੇ
ਗੁਲਾਬ ਵਾਂਗ ਮਹਿਕ ਜਾਣਾ।

○

## ਸਿਆਣਪ

ਲਹੌਰੋਂ ਪਿੰਡੀ ਦੀ ਬੱਸ ਵਿਚ ਕੋਈ ਮੁਸਾਫ਼ਰ ਦੂਜੇ ਮੁਸਾਫ਼ਰ ਦੇ ਪੈਰ ਉਤੇ ਪੈਰ ਧਰ ਕੇ ਬਹਿ ਗਿਆ ਬੰਦਾ ਬੈਠਾ ਕੁੜ੍ਹਦਾ ਰਿਹਾ। ਆਖ਼ਰ ਉਹ ਉਠਿਆ ਤੇ ਪੈਰ-ਮਿੱਧਣ ਵਾਲੇ ਨੂੰ ਜਾ ਕੇ ਪੁਛਣ ਲੱਗਾ:

– ਭਾਈ ਸਾਹਬ ਤੁਸੀਂ ਫ਼ੌਜ 'ਚ ਹੋ ?
– ਨਹੀਂ,
– ਤੁਹਾਡੇ ਵਾਲਦ ਸਾਹਬ ਫ਼ੌਜ 'ਚ ਨੇ ?
– ਨਹੀਂ,
– ਭਰਾ ?
– ਨਹੀਂ,
– ਕੋਈ ਅਜ਼ੀਜ਼ ?
– ਅਸੀਂ ਖੋਜੇ ਹੁੰਦੇ ਆਂ ਸਾਡੇ ਸਾਰੇ ਖ਼ਾਨਦਾਨ ਚੋਂ ਕੋਈ ਫ਼ੌਜ 'ਚ ਹੀ ਨਹੀਂ।
– ਕੋਈ ਜਾਣਨ ਵਾਲਾ ?
– ਨਹੀਂ,
– ਤੇ ਫੇਰ ਤੇਰੀ ਓਏ ਭੈਣ ਨੂੰ......ਤੂੰ ਮੇਰਾ ਪੈਰ ਕਿਉਂ ਮਿੱਧਿਆ ਸੀ ?

# ਸਿਆਸਤ ਪਰਮੋ-ਧਰਮ ਹੈ

○

ਪ੍ਰੋਫੈਸਰ ਐਮ. ਸੀ. ਭਾਰਦਵਾਜ

[ਪਿਛਲੇ ਬਹੁਤ ਸਾਲਾਂ ਤੋਂ ਹਾਕਮ ਜਮਾਤਾਂ ਦੀ ਇਹ ਸਾਜ਼ਿਸ਼ ਰਹੀ ਹੈ ਕਿ ਆਮ ਲੋਕਾਂ ਨੂੰ ਸਿਆਸਤ ਨਾਂ ਦੇ ਸ਼ਬਦ ਤੋਂ ਬਦਜ਼ਨ ਕਰਨ ਤਾਂ ਜੋ ਉਹ ਆਪਣੀ ਲੁਟ ਖਸੁੱਟ ਨੂੰ ਸੌਖਿਆਂ ਜਾਰੀ ਰਖ ਸਕਣ। ਵਿਦਿਆਰਥੀ 'ਸਿਆਸਤ ਵਿਚ ਹਿੱਸਾ ਨਾ ਲੈਣ, ਅਧਿਆਪਕ ਸਿਆਸਤ ਵਿਚ ਹਿੱਸਾ ਨਾ ਲੈਣ, ਮੁਲਾਜ਼ਮ ਸਿਆਸਤ ਵਿਚ ਹਿੱਸਾ ਨਾ ਲੈਣ... ਇਹਨਾਂ ਦਾ ਆਦੇਸ਼ ਹੈ, ਇਹ ਇਹਨਾਂ ਦਾ ਨਾਅਰਾ ਹੈ। ਪ੍ਰੋ: ਭਾਰਦਵਾਜ ਨੇ ਇਸ ਧਾਰਾ ਨੂੰ ਚੈਲੰਜ ਕੀਤਾ ਹੈ। ਇਸ ਮਸਲੇ ਦਾ ਇਤਹਾਸਕ ਪੱਖ ਤੋਂ ਵਿਸ਼ਲੇਸ਼ਣ ਕਰਦੇ ਹੋਏ, ਉਸਨੇ ਇਹ ਸਾਬਤ ਕੀਤਾ ਹੈ ਕਿ ਹਰ ਯੁਗ ਵਿਚ ਸਿਆਸਤ ਨੇ ਹੀ ਸਾਡੀਆਂ ਤਕਦੀਰਾਂ ਬਦਲਣ ਵਿਚ ਹਿੱਸਾ ਪਾਇਆ ਹੈ। ਅਜ ਵੀ ਅਸੀਂ ਆਪਣੀਆਂ ਤਕਲੀਫਾਂ ਤੋਂ ਨਿਜਾਤ ਨਹੀਂ ਪਾ ਸਕਦੇ ਜਿਨਾਂ ਚਿਰ ਚੇਤੰਨ ਹੋ ਕੇ ਅਸਰਦਾਇਕ ਤਰੀਕੇ ਨਾਲ ਦੇਸ਼ ਦੀ ਸਿਆਸਤ ਵਿਚ ਦਖਲ ਅੰਦਾਜ਼ੀ ਨਹੀਂ ਕਰਦੇ। ਸਿਆਸਤ ਹੀ ਸਾਡਾ ਸਾਰਿਆਂ ਨਾਲੋਂ ਵੱਡਾ ਧਰਮ ਹੈ। ...ਇਸ ਲੜੀ ਦਾ ਅਗਲਾ ਲੇਖ "ਵਿਦਿਆਰਥੀ ਅਤੇ ਸਿਆਸਤ" ਅਸੀਂ ਆਉਣ ਵਾਲੇ ਅੰਕ ਵਿਚ ਦੇਵਾਂਗੇ — ਸੰਪਾਦਕ]

'ਪਾਲੇਟਿਕਸ' ਸ਼ਬਦ ਦੇ ਅਜ ਅਨੇਕਾਂ ਮਾਇਨੇ ਬਣ ਚੁਕੇ ਹਨ। ਹਰ ਕੋਈ, ਜਿਸ ਤਰ੍ਹਾਂ ਉਸਨੂੰ ਢੁੱਕਦਾ ਹੋਵੇ, ਉਸੇ ਤਰ੍ਹਾਂ ਹੀ ਇਸ ਸ਼ਬਦ ਦੀ ਵਰਤੋਂ ਕਰ ਲੈਂਦਾ ਹੈ। ਕਲ੍ਹ ਹੀ, ਮੇਰਾ ਇਕ ਹਿਮਾਚਲੀ ਰਿਸ਼ਤੇਦਾਰ ਕਹਿ ਰਿਹਾ ਸੀ ਕਿ ਇਨ੍ਹੀ ਦਿਨੀ ਉਨ੍ਹਾਂ ਦੇ ਕਾਲਜ ਵਿਚ 'ਪਾਲਿਟਿਕਸ' ਬਹੁਤ ਚਲਣ ਲਗ ਪਈ ਹੈ। ਚਹੁੰ ਸਾਲਾਂ ਦੀ ਰਿਸ਼ਤੇਦਾਰੀ ਦੁਰਾਨ, ਕਲ੍ਹ ਪਹਿਲੀ ਵੇਰ੍ਹਾਂ ਮੈਂ ਪੁਲਿਟੀਕਲ ਸਾਇੰਸ ਦੇ ਪ੍ਰੋਫੈਸਰ ਮੂੰਹੋਂ 'ਪਾਲੇਟਿਕਸ' ਸ਼ਬਦ ਸੁਣਿਆ ਸੀ !! 'ਅਜ ਕਲ੍ਹ' ਤੋਂ ਕੀ ਮਤਲਬ, ਪਹਿਲਾਂ ਨਹੀਂ ਸੀ...? ਹੁਣ ਸਗੋਂ ਕੋਈ ਨਵਾਂ ਪ੍ਰੋਫੈਸਰ ਆ ਗਿਆ ਹੈ ? ਨਹੀਂ ਸਾਡੇ ਉਹ ਪਾਲੇਟਿਕਸ ਨਹੀਂ ਚਲਦੀ ਜੋ ਤੁਸੀਂ ਸਮਝੀ ਜਾ ਰਹੇ ਹੋ (ਜਮਾਤੀ-ਸਿਆਸਤ), ਸਾਡੇ ਤਾਂ ਇਮਤਿਹਾਨਾ ਵਿਚ ਡਿਊਟੀ ਲਵਾਉਣ ਅਤੇ ਪੇਪਰ ਵੇਖਣ ਵਿੱਚ ਹੀ ਭਾਰੀ ਸਿਆਸਤ ਚਲਦੀ ਹੈ ! ਜਿਹੜਾ ਪ੍ਰਿੰਸੀਪਲ ਦੇ 'ਨਜ਼ਦੀਕ' ਹੋਵੇ, ਉਹਨੂੰ ਇਮਤਿਹਾਨਾ ਵਿਚ ਵਧੀਆ ਵਧੀਆ ਸੈਂਟਰ ਜਿਵੇਂ ਕੁੱਲੂ-ਮਨਾਲੀ, ਧਰਮਸ਼ਾਲਾ, ਸ਼ਿਮਲਾ ਆਦਿ, ਅਲਾਟ ਹੋ ਜਾਂਦੇ ਹਨ। ਯੂਨਵਰਸਿਟੀ ਵਲੋਂ ਸਭ ਤੋਂ ਵਧ ਪਰਚੇ ਵੀ ਵੇਖਣ ਵਾਸਤੇ ਉਸੇ ਕੋਲ ਹੀ ਆਉਂਦੇ ਹਨ ਜਿਸਨੂੰ ਪ੍ਰਿੰਸੀਪਲ 'ਚਾਹੇ'। ਬਸ, ਇਕ ਵੇਰ੍ਹਾਂ ਪ੍ਰਿੰਸੀਪਲ ਦੀਆਂ ਨਜ਼ਰਾਂ ਵਿਚ 'ਚੜ੍ਹ ਜਾਉ' ਫਿਰ ਭਾਵੇਂ ਕਲਾਸਾਂ ਵਿਚ ਜਦੋਂ ਮਰਜ਼ੀ ਜਾਓ, ਜਦੋਂ ਮਰਜ਼ੀ ਨਾ ਜਾਓ। ਹੁਣ ਤੁਸੀਂ ਹੀ ਵੇਖ ਲਉ, "ਜਦੋਂ ਮੁਰਲੀਧਰ ਹੁੰਦਾ ਸੀ, ਮੈਨੂੰ ਪੌਣੇ ਨੌਂ ਵਜੇ ਹੀ ਘਰੋਂ ਭਜਣਾ ਪੈਂਦਾ ਸੀ। (ਪਹਿਲਾਂ ਪੀਰੀਅਡ ਲੈਣ ਵਾਸਤੇ) ਪਰ ਜਦੋਂ ਦੇ ਆਪਣੇ ਸੰਧੂ ਸ਼ਹਿਬ ਆਏ ਨੇ, ਸਵੇਰੇ ਅਰਾਮ ਨਾਲ ਪੱਪੂ ਨੂੰ 'ਕਰੈਚ' ਵਿਚ ਛਡ ਕੇ ਆਉਂਦਾਂ ਹਾਂ। ਪੀਰੀਅਡ ਤਾਂ ਮੇਰੇ ਦੋ ਹੀ ਹੁੰਦੇ ਹਨ ਰੁਜ਼ਾਨਾ ਪਰ ਸ਼ਾਮ ਤੀਕ ਤਾਂ ਮੈਂ ਇਸ ਕਰਕੇ ਕਾਲਜ ਰਹਿੰਦਾ ਹਾਂ ਕਿਉਂਕਿ ਜਾਂਦੀ ਵੇਰ੍ਹਾਂ ਤੁਹਾਡੀ ਭਰਜਾਈ ਨੂੰ 'ਬਿਊਟੀ-ਸੈਂਟਰ' ਤੋਂ ਉਥੇ ਅਜ ਕਲ੍ਹ ਉਹ 'ਮਾਡਰਨ ਕੁਕਿੰਗ' ਅਤੇ 'ਇਨਟੀਰੀਅਰ ਡੈਕਰੇਸ਼ਨ' ਦਾ ਕੋਰਸ ਕਰਦੀ ਹੈ ਵਰਨਾ ਸਾਡੇ ਗਰੁੱਪ ਦੇ ਬਹੁਤੇ ਤਾਂ ਲੰਚ ਮਗਰੋਂ ਇਕ ਵੇਰ੍ਹਾਂ ਮਾੜੀ ਜਹੀ 'ਸ਼ਕਲ ਵਖਾ ਕੇ ਹੀ ਤੁਰ ਜਾਂਦੇ ਹਨ !

ਖੈਰ, ਇਹ ਤਾਂ ਸਨ, ਐਮ. ਏ., ਐਮ. ਫਿਲ., ਪੀ. ਐਚ. ਡੀ. (ਪੁਲਿਟੀਕਲ ਸਾਇੰਸ), ਸੀਨੀਅਰ ਲੈਕਚਰਾਰ...ਆਉ ਜ਼ਰਾ ਵੇਖੀਏ ਕਿ ਪਿੰਡਾਂ ਵਿਚ ਕਿਵੇਂ 'ਪਾਲਿਟਿਕਸ' ਨੂੰ ਵਰਤਿਆ ਜਾਂਦਾ ਹੈ ? ਮਸਲਨ, ਸਾਡੇ ਪਿੰਡ ਦੇ ਲੰਬੜਾ ਦਾ ਜੀਤਾ ਪਹਿਲਾਂ ਆਪ ਹੀ ਹਨੇਰੇ-ਸਵੇਰੇ ਚੌਂਕੀ ਜਾ ਕੇ ਮੂੰਹ ਮਾਰ ਆਉ ਕਿ ਫਲਾਣੇ ਨੇ ਘੜਾ ਪਾਇਆ ਹੈ ਤੇ ਫਿਰ ਛਾਪਾ ਪੈਣ ਉਪਰ ਜਾ ਬੋਲੂ, "ਨੱਥਾ ਸਿਆਂ, ਮੁਣਸ਼ੀ ਹੋਰੀਂ ਆਪਣੇ ਤੋਂ ਬਾਹਰੀ ਨਹੀਂ ਹਨ, ਬਸ ਤੂੰ ਔਖਾ ਸੌਖਾ ਹੋ ਕੇ ਢਾਈ ਕੁ ਸੌ ਦਾ ਬੰਦੋਬਸਤ ਕਰ ਲੈ, ਆਪਾਂ ਤੈਨੂੰ ਛਪੜ ਲਾਗਿਉਂ ਹੀ ਛੁਡਾ ਕੇ ਮੋੜ ਭੇਜਾਂਗੇ," ਤੇ ਫਿਰ ਉਸ ਸੌ ਮੁਣਸ਼ੀ ਦੀ ਮੁੱਠੀ ਵਿਚ ਅਤੇ ਡੂਢ ਸੌ ਆਪਣੀ ਜੇਬ੍ਹ ਵਿਚ ਕਰ ਲੈਣੇ......।

ਇਸ ਤਰ੍ਹਾਂ ਪਿੰਡ ਵਿਚ ਉਸੇ ਨੂੰ ਹੀ ਵਧੀਆ ਪੌਲੇਟੀਸ਼ੀਅਨ ਮੰਨਿਆ ਜਾਂਦਾ ਹੈ ਜਿਹੜਾ ਇਕ ਪਾਸੇ ਲਾਏ ਤੇ ਦੂਜੇ ਪਾਸੇ ਬੁਝਾਏ...?

...ਤੇ ਇਸੇ ਤਰ੍ਹਾਂ ਹੀ, ਅਜ ਭਾਵੇਂ ਦੇਸ਼ ਵਿਚਲੇ ਚੰਦ ਕੁਣਬਾ ਪਰਵਰਾਂ ਨੇ ਸਿਆਸਤ ਸ਼ਬਦ ਦਾ ਮਤਲਬ ਖੁਦਗਰਜ਼ੀ, ਭਰਿਸ਼ਟਾਚਾਰੀ, ਚੋਰਬਜ਼ਾਰੀ, ਮਿਲਾਵਟਖੋਰੀ ਮੌਕਾ-ਪ੍ਰਸਤੀ, ਧੋਖਾਦੇਈ ਆਦਿ ਬਣਾ ਕੇ ਰੱਖ ਦਿੱਤਾ ਹੈ ਪਰ ਹਮੇਸ਼ਾਂ ਇੰਜ ਨਹੀਂ ਸੀ। ਅਸਲ ਵਿਚ ਇਹ ਬਹੁਤ ਹੀ ਪਵਿੱਤਰ ਸ਼ਬਦ ਹੈ ਅਤੇ ਇਸ ਸ਼ਬਦ ਵਿਚ ਛੁਪੀ ਹੋਈ ਮਹਾਨਤਾ ਨੂੰ ਸਾਹਮਣੇ ਲਿਆਉਣਾ ਹੀ, ਇਸ ਲੇਖ ਦਾ ਮੁੱਖ ਮਕਸਦ ਹੈ !!

* Politics ਸ਼ਬਦ ਕਿਥੋਂ ਨਿਕਲਿਆ ?*

ਸ਼ਬਦ ਪੌਲੇਟਿਕਸ (Politcs) ਸ਼ਬਦ ਪੌਲੇਟਿਕ (Politic) ਤੋਂ ਬਣਿਆ ਹੈ ਅਤੇ Politic ਸ਼ਬਦ Polite ਤੋਂ ਆਇਆ ਸੀ। ਪੌਲਾਈਟ (Polite) ਦਾ ਮਤਲਬ ਹੁੰਦਾ ਹੈ — "ਸੁਚੱਜੇ ਵਿਚਾਰਾਂ ਵਾਲਾ ਬੰਦਾ ਜਿਸਦੇ ਮਨ ਵਿਚ ਦੂਸਰਿਆਂ ਪ੍ਰਤੀ ਵੀ ਸੰਦਭਾਵਨਾ ਹੋਵੇ !"

...Politicਦਾ ਮਤਲਬ ਹੈ ਸੁਚੱਜੇ ਵਿਚਾਰ ਸਰਬ ਭਲਾਈ ਲਈ ਲਾਗੂ ਕਰਨ ਵਾਲਾ – ਸੁਚੱਜੀਆਂ ਨੀਤੀਆਂ (Policies) ਲਾਗੂ ਕਰਨ ਵਾਲਾ...!

Politic ਤੋਂ ਸ਼ਬਦ Politiciau ਬਣਿਆ ਹੁਣ ਤੁਸੀਂ ਆਪ ਹੀ ਦਸੋ ਕਿ Politics ਅਪਵਿੱਤਰ ਹੈ ਜਾਂ ਪਵਿੱਤਰ ?

* ਪਾਲੇਟਿਕਸ ਦਾ ਜਨਮ *

ਅਜ ਤੋਂ ਕੋਈ ਸੱਤ ਕੁ ਹਜ਼ਾਰ ਸਾਲ ਪਹਿਲਾਂ, ਤਮਾਮ ਲੋਕੀਂ ਛੋਟੀਆਂ-ਛੋਟੀਆਂ ਟੋਲੀਆਂ ਵਿਚ ਰਹਿੰਦੇ ਸਨ। ਜੰਗਲਾਂ-ਪਹਾੜਾਂ ਵਿਚੋਂ ਫੁੱਲ-ਪੱਤਰ, ਫਲ-ਮੇਵੇ ਅਦਿ ਇਕੱਠੇ ਕਰਕੇ ਆਪਣਾ ਨਿਰਬਾਹ ਕਰ ਲਿਆ ਕਰਦੇ। ਲਕੜੀਆਂ ਦੇ ਸਿਰੇ, ਪੱਥਰਾਂ ਤੇ ਰਗੜ-ਰਗੜ ਕੇ ਤਿੱਖੇ ਨੋਕਦਾਰ ਨੇਜ਼ੇ ਬਣਾ ਲੈਂਦੇ ਸਨ ਜਿਸ ਰਾਹੀਂ ਕਦੇ ਕਦਾਈਂ ਬੱਕਰੇ, ਸੂਰ, ਹਿਰਨ ਅਦਿ ਮਾਰ ਕੇ ਵੀ ਖਾ ਲਿਆ ਕਰਦੇ। ਸਮੇਂ ਦੇ ਬੀਤਣ ਨਾਲ, ਟੋਲੀਆਂ ਨੇ ਕਬੀਲਿਆਂ ਦਾ ਰੂਪ ਧਾਰ ਲਿਆ ਜਿਸ ਵਿਚ ਨਰ ਸ਼ਿਕਾਰ ਕਰਦੇ, ਬੱਕਰੀਆਂ-ਭੇਡਾਂ ਚਾਰਦੇ, ਖੇਤੀ ਕਰਦੇ ਅਤੇ ਨਾਰੀਆਂ, ਵਾੜਿਆਂ ਵਿਚ ਰਹਿ ਕੇ ਬੱਚਿਆਂ ਦੀ ਪਰਵਰਿਸ਼ ਕਰਦੀਆਂ, ਰੋਟੀ-ਟੁੱਕ ਪਕਾਉਂਦੀਆਂ ਅਤੇ ਹੋਰ ਸਾਂਭ-ਸੰਭਾਲ ਦਾ ਕੰਮ ਕਰਦੀਆਂ। ਉਂਜ ਵੀ ਔਰਤ ਦੀ ਸਰੀਰਕ ਬਣਤਰ ਇਹੋ ਮੰਗ ਕਰਦੀ ਸੀ ਕਿ ਭਾਰਿਆਂ ਦੀ ਜਗ੍ਹਾ ਹਲਕੇ, ਬਾਹਰ ਲਿਆਂ ਦੀ ਜਗ੍ਹਾ ਅੰਦਰਲੇ ਕੰਮ ਹੀ ਕਰੇ। ਕਿਉਂਕਿ ਬੱਚੇ ਨੂੰ ਜਨਮ ਦੇਣਾ ਦੁਧ ਚੁੰਘਾਉਣਾ ਗਰਮੀ ਸਰਦੀ ਤੋਂ ਬਚਾਉਣਾ ਆਦਿ ਕੁਦਰਤ ਵਲੋਂ, ਉਸੇ ਜ਼ੁਮੇ ਲਗਾ ਹੋਇਆ ਸੀ ਇਸ ਲਈ ਵੀ ਉਸਦੇ ਘਰ ਅੰਦਰ ਰਹਿਣ ਵਿਚ ਹੀ ਬੇਹਤਰੀ ਸਮਝੀ ਗਈ। ਇਹ ਪਹਿਲੀ ਕੰਮ ਵੰਡ ਸੀ (Division of Ladour) ਜਿਸ ਮੁਤਾਬਕ ਪੁਰਸ਼ਾਂ ਅਤੇ ਇਸਤਰੀਆਂ ਨੂੰ ਵੱਖ-ਵੱਖ ਜੁਮੇਵਾਰੀਆਂ ਸੌਂਪੀਆਂ ਗਈਆਂ। ਇਹ ਮਾਂ-ਪ੍ਰਧਾਨ ਯੁਗ ਸੀ। ਦੇਵੀਆਂ ਦੀ ਪੂਜਾ ਇਸ ਸਮੇਂ ਹੀ ਸ਼ੁਰੂ ਹੋਈ !!!

* ਇਹ ਉਸ ਸਮੇਂ ਦੀ ਸਿਆਸਤ ਸੀ *

ਸਮਾਂ ਗੁਜ਼ਰਦਾ ਗਿਆ, ਅਨੇਕਾਂ ਕਬੀਲੇ ਵਧਣ ਫੁਲਣ ਲਗੇ। ਕਦੇ-ਕਦੇ ਭੇਡਾਂ-ਬੱਕਰੀਆਂ ਤੋਂ, ਗਾਈਆਂ-ਮਹੀਆਂ ਤੋਂ, ਫਸਲਾਂ-ਵਾੜੀਆਂ ਤੋਂ ਜਾਂ ਕੁੜੀਆਂ-ਮੁੰਡਿਆਂ ਤੋਂ ਇਕ ਕਬੀਲੇ ਦੇ ਲੋਕੀਂ ਦੂਸਰੇ ਕਬੀਲੇ ਦੇ ਲੋਕਾਂ ਨਾਲ ਖਹਿਬੜ ਪੈਂਦੇ। ਘਰੇਲੂ ਕੰਮ-ਕਾਜ ਨਾਲੋਂ ਬਾਹਰਲੀਆਂ ਜੁੰਮੇਵਾਰੀਆਂ ਵਧਣ ਲਗੀਆਂ। ਡੇਰਿਆਂ ਦੇ ਨਜ਼ਦੀਕ-ਨਜ਼ਦੀਕ ਸ਼ਿਕਾਰ ਖਤਮ ਹੋਣ ਲਗੇ - ਕੁਝ ਕਬੀਲਿਆਂ ਵਲੋਂ ਮਾਰ ਕੇ ਖਾ ਜਾਣ ਕਾਰਨ ਅਤੇ ਕੁਝ ਜਾਨਵਰ ਅਗਨੀ ਅਤੇ ਕਬੀਲਿਆਂ ਦੇ ਡੇਰਿਆਂ ਵਿਚ ਪੈਂਦੇ ਰੌਲੇ-ਰੱਪੇ, ਢੋਲ-ਢਮੱਕਿਆਂ ਤੋਂ ਡਰਦੇ ਦੂਰ-ਦੂਰ ਜੰਗਲਾਂ ਵਿਚ ਭੱਜ ਗਏ। ਪੁਰਸ਼ ਲੋਕ ਦੂਰ-ਦੂਰ ਸ਼ਿਕਾਰਾਂ ਤੇ ਟੋਲੀਆਂ ਬਣਾ-ਬਣਾ ਜਾਣ ਲਗੇ। ਕਈ ਵੇਰਾਂ ਕਈ-ਕਈ ਮਹੀਨੇ ਸ਼ਿਕਾਰ ਗਏ ਨਾ ਮੁੜਦੇ ਅਤੇ ਕਈ ਵੇਰਾਂ ਕਈ ਵੀ ਨਾ ਮੁੜ ਪਾਂਦੇ ਖੁਦ ਸ਼ਿਕਾਰ ਹੋ ਜਾਂਦੇ ਜਾਂ ਪਹਾੜੀ ਗੁਫਾਂ-ਜੰਗਲਾਂ-ਨਦੀਆਂ ਵਿਚ ਮਰ ਮੁਕ ਜਾਂਦੇ। ਇਸ ਤਰ੍ਹਾਂ ਘਰ-ਕਬੀਲੇ ਦੀ ਰਖਿਆ ਵਾਸਤੇ ਵਧੇਰੇ ਸ਼ਕਤੀਸ਼ਾਲੀ ਅਤੇ ਤਜਰਬਾਕਾਰ ਦੀ ਲੋੜ ਮਹਿਸੂਸ ਹੋਈ। ਮਾਂ-ਪ੍ਰਧਾਨ ਯੁਗ ਤੋਂ ਪੁਰਸ਼ ਪ੍ਰਧਾਨ ਯੁਗ ਆਇਆ। ਹਿੰਦੂ ਸੰਸਕ੍ਰਿਤੀ ਵਿਚਲਾ 'ਗਣੇਸ਼' ਇਸੇ ਯੁਗ ਦਾ ਹੀ ਪ੍ਰਤੀਕ ਹੈ...?

* ਗਣਪਤੀ-ਗਣੇਸ਼ *

ਬਜ਼ੁਰਗ ਦੇਸ਼ ਭਗਤ ਤੇ ਵਿਦਵਾਨ, ਕਾਮਰੇਡ ਭਾਗ ਸਿੰਘ ਸੱਜਣ ਮੁਤਾਬਕ 'ਗਣੇਸ਼' (ਗਣ-ਈਸ਼, ਗਣ ਦੀ ਸ਼ਕਤੀ, ਕਬੀਲੇ ਦੀ ਸ਼ਕਤੀ) ਦੀ ਵਿਆਖਿਆ ਇਸ ਪਕਾਰ ਹੈ :— ਤੁਸੀਂ ਜਦੋਂ ਵੀ ਗਣੇਸ਼ ਦੀ ਤਸਵੀਰ ਵੇਖੋਗੇ ਤਾਂ ਚਾਰ ਚੀਜ਼ਾਂ ਜ਼ਰੂਰ ਨੋਟ ਕਰੋਗੇ। ਪਹਿਲੀ ਹਾਥੀ ਦਾ ਸਿਰ, ਦੂਜਾ ਚੂਹੇ ਦੀ ਸਵਾਰੀ, ਹੱਥਾਂ ਵਿਚ ਕਲਮ ਤੇ ਪੋਥੀ ਅਤੇ ਨਜ਼ਦੀਕ ਛੋਟੇ-ਛੋਟੇ ਬੱਚੇ ? ਜਿਸ ਵੀ ਬੁੱਤ-ਘਾੜੇ ਜਾਂ ਰੰਗਕਾਰ ਨੇ ਇਕ ਤਸਵੀਰ ਦੀ ਕਲਪਨਾ ਕੀਤੀ ਹੋਊ, ਉਸਦੀ ਬੁੱਧੀ ਦੀ ਦਾਦ ਜਿਨੀ ਵੀ ਦਿਤੀ ਜਾ ਸਕੇ ਥੋੜ੍ਹੀ ਹੋਵੇਗੀ ਜਿਸ ਇਕੋ ਤਸਵੀਰ/ ਮੂਰਤੀ ਵਿਚ ਹੀ ਪੂਰੇ ਯੁਗ ਦੀ ਝਾਕੀ ਉਤਾਰ ਕੇ ਰੱਖ

ਦਿਤੀ । ਇਸ ਵਿਚ 'ਹਾਥੀ' ਦਾ ਸਿਰ ਇਸ ਗਲ ਦਾ ਪ੍ਰਤੀਕ ਹੈ ਕਿ ਗੇਣ-ਈਸ਼ ਸਭ ਤੋਂ ਸ਼ਕਤੀਸ਼ਾਲੀ ਸੀ ਭਾਵ ਸਭ ਉਸਦਾ ਹੁਕਮ ਮੰਨਦੇ ਸਨ, ਉਸਦੇ ਕਹਿਣੇ ਮੁਤਾਬਕ ਕੰਮ-ਕਾਜ ਕਰਦੇ ਸਨ, ਬਾਹਰ ਅੰਦਰ ਜਾਂਦੇ ਸਨ । 'ਚੂਹੇ ਦੀ ਸਵਾਰੀ' ਇਸ ਗਲ ਦਾ ਸੰਕੇਤ ਹੈ ਕਿ ਕਿ ਉਸਦੀ ਹਰਕਤ ਨਾਂ-ਮਾਤਰ ਹੀ ਸੀ ਭਾਵ ਉਹ ਘਰ/ਡੇਰੇ ਵਿਚ ਬੈਠਾ-ਬੈਠਾ ਹੀ ਕਾਮ-ਕਾਜ ਬਾਬਤ ਨਸ਼ੀਹਤਾਂ ਕਰਦਾ ਸੀ । ਇਕ ਹੱਥ ਕਲਮ, ਦੂਜੇ ਥੋਥੀ ਅਤੇ ਕੋਲ ਬੱਚੇ, ਉਸਦੀ ਇਕ ਹੋਰ ਡਿਊਟੀ ਤੇ ਚਾਨਣਾ ਪਾਉਂਦੇ ਹਨ ਕਿ ਉਹ ਬਾਲਕਾਂ ਨੂੰ ਗਿਣਤੀ-ਮਿਣਤੀ, ਤਾਰੇ-ਚੰਦ-ਸੂਰਜ, ਗਰਮੀ-ਸਰਦੀ ਅਦਿ ਬਾਰੇ ਪੜ੍ਹਾਇਆ ਕਰਦਾ ਸੀ । ਗਣੇਸ਼ ਦੀ ਫੋਟੋ ਵਿਚ 'ਲੱਡੂਆਂ' ਅਤੇ ਫਲਾਂ ਦੀ ਥਾਲੀ ਵੀ ਹਮੇਸ਼ਾਂ ਹੋਵੇਗੀ — ਭਾਵ ਉਸ ਵਕਤ 'ਬੀਜ-ਗਿਆਨ' ਦਾ ਯੁਗ ਸੀ ਜਿਸ ਵਿਚ ਇਕ ਚੀਜ਼ ਨੂੰ ਵਖਾਲ ਕੇ ਉਸਦੇ ਗੁਣਾਂ-ਔਗੁਣਾ, ਭੌਤਿਕ-ਰਸਾਇਣਕ ਖੂਬੀਆਂ ਆਦਿ ਦਾ ਵਰਨਣ ਕੀਤਾ ਜਾਂਦਾ ਸੀ । ਕਈ ਵੇਰਾਂ ਚੀਜ਼ਾਂ ਨੂੰ ਪਾਣੀ ਵਿਚ ਪਾ ਕੇ, ਅਗਨੀ ਵਿਚ ਪਾ ਕੇ, ਉਸਦੇ ਹੋਰ ਛੁਪੇ ਗੁਣਾਂ ਦਾ ਅਧਿਅਨ ਕੀਤਾ ਜਾਂਦਾ ਸੀ । 'ਹਵਨਾਂ' ਦੀ ਪ੍ਰਿਤ, ਦਰਅਸਲ ਉਦੋਂ ਤੋਂ ਹੀ ਚਲੀ ਆ ਰਹੀ ਹੈ ।

ਫਿਰ ਸਮੇਂ ਦੇ ਬੀਤਣ ਨਾਲ ਕਬੀਲਿਆਂ ਦਾ ਅਕਾਰ ਹੋਰ ਵਧਦਾ ਗਿਆ ਤੇ ਨਾਲ ਹੀ ਉਨ੍ਹਾਂ ਵਿਚਾ ਲੜਾਈ ਝਗੜੇ ਵੀ ਵਧਦੇ ਗਏ । ਕਈ ਇਕ ਰਲਕੇ, ਦੁਸ਼ਮਣਾਂ ਦਾ ਮੁਕਾਬਲਾ ਕਰਨ ਲਗੇ । ਕਬੀਲਿਆਂ ਦੇ ਇੱਕਠੇ ਹੋਣ ਤੋਂ ਇਕ ਸਾਂਝੇ ਆਗੂ (Leader) ਦੀ ਵੀ ਲੋੜ ਪਈ ਤੇ ਇਸ ਤਰ੍ਹਾਂ ਗੇਣਪਤੀ ਹੋਂਦ ਵਿਚ ਆਇਆ । ਗਣਪਤੀ-ਗਣ ਦਾ ਪਤੀ ਭਾਵ ਕਬੀਲੇ ਦਾ ਮਾਲਕ । ਗਣਪਤੀ ਦੀ ਤਸਵੀਰਾਂ ਵਿਚ, ਗਣੇ-ਈਸ਼ ਦੇ ਚੂਹੇ ਦੀ ਜਗ੍ਹਾਂ ਗਰੜ ਪੰਛੀ ਹੋ ਗਿਆ ਜੋ ਸਭ ਤੋਂ ਤੇਜ਼ ਉਡਣ ਵਾਲਾ ਪੰਛੀ ਹੈ । ਹੱਥਾਂ ਵਿਚ ਕੱਲਮ-ਪੋਥੀ ਦੀ ਜਗ੍ਹਾ ਤੀਰ ਤੇ ਤਲਵਾਰ ਆ ਗਈ, ਸਿਰ ਤੇ ਛਤਰ ਵੀ ਝੁਲਣ ਲਗ ਪਿਆ ਅਤੇ ਬੱਚਿਆਂ ਦੀ ਜਗ੍ਹਾ ਦਾਸੀਆਂ ਨੇ ਮਲ ਲਈ । ਇਹ ਸਭ ਗਣਪਤੀ ਦੇ ਸ਼ਕਤੀਸ਼ਾਲੀ, ਧਨ-ਦੌਲਤ, ਜ਼ਮੀਨ ਜਾਇਦਾਦ ਦਾ ਮਾਲਕ ਅਤੇ ਹੁਕਮਰਾਨ ਹੋਣ ਦੇ ਚਿੰਨ ਸਨ । ਸਧਾਰਣ ਤਕਣੀ ਤੇ ਗਣੇਸ਼ (ਗਣ-ਈਸ਼) ਅਤੇ ਗਣਪਤੀ ਦੀਆਂ ਤਸਵੀਰਾਂ ਵਿਚ ਫਰਕ ਨਹੀਂ ਹੈ ਜਾਪਦਾ । ਸ਼ੁਰੂ-ਸ਼ੁਰੂ ਵਿਚ ਤਾਂ ਗਣਪਤੀ ਸੱਰਬ ਰਾਏ ਮੁਤਾਬਕ ਚੁਣਿਆ ਜਾਂਦਾ ਸੀ (Damocraticallv) ਪਰ ਜਿਉਂ ਹੀ ਮਾਲਕੀਅਤ (Ownership) ਦੀ ਭਾਵਨਾ ਆਈ, ਜਮਹੂਰੀਅਤ ਦੀ ਜਗ੍ਹਾ ਇਕ-ਪੁਰਖੀ ਰਜਵਾੜਾ-ਸ਼ਾਹੀ ਨੇ ਜਨਮ ਲੈ ਲਿਆ । ਪੀੜੀ-ਦਰ-ਪੀੜੀ, ਗਣਪਤੀ ਨਾਮਜ਼ਦ ਹੋਣ ਲਗੇ !! ਕਦੇ ਗਣ-ਈਸ਼, ਕੱਬੀਲੇ ਦੀ ਸ਼ਕਤੀ ਸੀ, ਕਿਥੇ ਗਣਪਤੀ, ਕਬੀਲੇ ਦਾ ਮਾਲਕ ਬਣ ਬੈਠਾ ?

### • ਇਸੇ ਨੇ ਰਜ਼ਵਾੜਾਸ਼ਾਹੀ ਦੀ ਸਿਆਸਤ ਨੂੰ ਜਨਮ ਦਿਤਾ •

ਤੇ ਵਖ-ਵਖ ਸਮੇਂ ਰਾਜੇ-ਮਹਾਰਾਜਿਆਂ ਦੀ ਇਕੋ ਜਿਹੀ ਸਿਆਸਤ ਰਹੀ ਹੈ ਪਰ ਬਦੇਸ਼ੀ ਰਾਜਿਆ ਬਾਬਤ ਆਪਣੇ ਸੀਮਤ ਗਿਆਨ ਹੋਣ ਸੰਦਕਾ ਮੈਂ ਮੋਟੇ-ਮੋਟੇ ਦੇਸੀ ਰਾਜਿਆਂ ਅਤੇ ਸਮਾਜ ਸੁਧਾਰਕ ਗੁਰੂਆਂ (Religious leaders) ਦਾ ਹੀ ਵਰਨਣ ਕਰਾਂਗਾ —:

### * ਮਨੂ ਦੀ ਸਿਆਸਤ *

ਅਜ ਚਾਹੇ ਮਨੂ-ਸਮਰਿਤੀ ਬਹੁਤ ਵੱਡੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਮਗਰ ਇਸ ਦੀ ਮੁੱਖਦੇਣ ਕੰਮ ਵੰਡ (Division of l'abour) ਦੀ ਫਿਲਾਸਫੀ ਤੇ ਕਿੰਤੂ-ਪਰੰਤੂ ਕਰਦੇ ਵੇਕਤ ਸ਼ਾਨੂੰ ਅਜ ਤੋਂ ਪੰਜ ਹਜ਼ਾਰ ਸਾਲ ਪਹਿਲਾਂ ਦੇ ਸਮੇਂ ਨੂੰ ਮਦੇ-ਨਜ਼ਰ ਰੱਖਣਾ ਜ਼ਰੂਰੀ ਬਣਦਾ ਹੈ ਵਰਨਾ ਸਾਡੀ ਘੋਖ-ਪੜਤਾਲ (Criticism) ਦਾ ਤਰੀਕਾ ਹੀ ਗ਼ਲਤ ਨਹੀਂ ਹੋਵੇਗਾ ਸਗੋਂ ਮਨੂ-ਸਮਰਿਤੀ ਨਾਲ ਵੀ ਪੂਰਾ-ਪੂਰਾ ਇਨਸਾਫ ਨਹੀਂ ਹੋ ਸਕੇਗਾ...? ਆਉ ਕਿਆਸ ਕਰੀਏ ਕਿ ਕਿਨਾ ਹਾਲਤਾਂ ਵਿਚ ਮਨੂ ਦੀ ਕੰਮ-ਵੰਡ ਦੀ ਫਿਲਾਸਫੀ ਦਾ ਜਨਮ ਹੋਇਆ...ਜਿਹੜੀ ਰਜਵਾੜਾ-ਸ਼ਾਹੀ ਦੀ ਲੋੜ ਜਾਂ ਸਿਆਸਤ ਸੀ । ਜਿਸ ਵਿਚ ਯੁਧ ਪ੍ਰਧਾਨ ਅੰਸ਼ ਸੀ ।

ਕਿਉਂਕਿ ਰੱਜਵਾੜਾ ਸ਼ਾਹੀ ਦਾ ਮਤਲਬ ਸੀ ਕਿ ਬਹੁਤੇ ਤੋਂ ਬਹੁਤੇ ਇਲਾਕਿਆਂ ਉਤੇ ਕਬਜ਼ਾ ਹੋਵੇ...ਤੇ ਇਹਨਾਂ ਸਮਿਆਂ ਵਿਚ ਇਕ 'ਮਨੂ ਨਾਂਉ' ਦਾ ਰਾਜਾ ਹੋਇਆ ਹੈ ਜਿਸ ਇਹ ਵਿਚਾਰ ਕੀਤੀ ਕਿ ਬਜਾਏ ਸਾਰੇ ਦੇ ਸਾਰੇ ਜੀਅ ਹੀ ਯੁਧ ਵਿਚ ਭਿੜਿਆ ਕਰਨ, ਕਿੰਨਾ ਚੰਗਾ ਹੋਵੇ ਜੇ ਕੇਵਲ ਹੱਟੇ-ਕੱਟੇ ਹੀ ਇਸ ਕੰਮ ਲਈ ਸੱਦਿਆ ਜਾਇਆ ਕਰਨ ! ਉਹ ਵੀ, ਯੁਧ ਦੇ ਬਿਗਲ ਨਾਲ ਹੀ ਬਰਛਿਆਂ ਤੋਂ ਜ਼ੰਗਾਲ ਲਾਹੁਣਾ ਨਾ ਸ਼ੁਰੂ ਕਰਿਆ ਕਰਨ ਸਗੋਂ ਇਕ ਪੱਕੀ ਸਿਖਿਅਤ ਫੌਜ ਹੋਵੇ (Regular well trained well equipped army) ਜੋ ਰਾਤ-ਦਿਨ, ਹਾੜ੍ਹੇ-ਸਿਆਲ ਜੰਗ ਦੀ ਹੀ ਮਸ਼ਕ ਕਰਦੀ ਰਿਹਾ ਕਰੇ । ਇਸ ਤਰ੍ਹਾਂ ਮੁਢ ਕੰਮ ਵੰਡ ਹੋਈ । ਇਸ ਤੋਂ ਪਹਿਲਾਂ ਪੁਰਸ਼ਾਂ ਅਤੇ ਇਸਤਰੀਆਂ ਲਈ ਹੀ ਕਰਮਵੰਡ, ਬਾਹਰਲੇ ਅਤੇ ਅੰਦਰਲੇ ਕੰਮ ਕਰਨ ਖਾਤਰ ਨੀਤੀ (Policy) ਤੈਹ ਕੀਤੀ ਗਈ ਸੀ । ਦੂਸਰੀ ਕੰਮ ਵੰਡ ਸਮੇਂ, ਹੱਟੇ-

ਕੱਟੇ ਲੋਕ ਕਸ਼ੱਤਰੀਆਂ (ਸ਼ਰਤੂ ਨੂੰ ਮੌਤ ਦੇ ਘਾਟ ਉਤਾਰਨ ਵਾਲਾ) ਦੀ ਲਾਈਨ ਵਿਚ ਜਾ ਖੜੋਤੇ। ਬਾਕੀਆਂ ਵਿਚੋਂ ਜੋ ਸਰੀਰਕ ਪੱਖੋਂ ਮਾੜੇ ਪਰ ਮਾਨਸਿਕ ਪਖੋਂ ਤੀਖਣ ਸਨ, ਬਰ੍ਹਾਮਣਾਂ ਦੀ ਲਾਈਨ ਵਿਚ ਜਾ ਖੜੇ ਹੋਏ। ਸ਼ਬਦ 'ਬਰੱਮ' ਦੀ ਮਤਲਬ ਹੈ ਗਿਆਨੀ। ਇਹਨਾਂ ਦੀ ਡਿਊਟੀ ਜੰਗਲਾਂ-ਪਹਾੜਾਂ ਵਿਚ ਜਾ ਕੇ, ਜੜ੍ਹੀਆਂ-ਬੂਟੀਆਂ ਖੋਜਣ ਅਤੇ ਉਨ੍ਹਾਂ ਦੇ ਗੁਣਾਂ-ਔਗੁਣਾਂ ਦਾ ਪਤਾ ਲਾਉਣ ਦੀ ਲਗੀ। ਇਸ ਤੋਂ ਇਲਾਵਾ ਇਹਨਾਂ ਨੂੰ ਤਾਰਾ-ਵਿਗਿਆਨ, ਗਰਮੀ-ਸਰਦੀ, ਗਿਣਤੀ-ਮਿਣਤੀ, ਰੁਤ-ਸ਼ਰਾਧ ਆਦਿ ਬਾਬਤ ਵੀ ਪੜ੍ਹਨ-ਪੜ੍ਹਾਉਣ ਦਾ ਕੰਮ ਸੌਂਪਿਆ ਗਿਆ। ਜਿਨ੍ਹਾਂ ਆਹਮੋ ਸਾਹਮਣੇ ਦੀ ਮਾਰ-ਧਾੜ ਅਤੇ ਗਿਣਤੀ-ਮਿਣਤੀ ਵਰਗੇ ਦਿਮਾਗੀ ਦੋਨ੍ਹਾਂ ਕੰਮਾਂ ਤੋਂ ਹੀ ਨਾਂਹ ਕਰ ਦਿਤੀ, ਉਹਨਾਂ ਨੂੰ ਭੇਡਾਂ-ਬੱਕਰੀਆਂ ਚਾਰਨ ਅਤੇ ਖੇਤੀ-ਬਾੜੀ ਸੰਭਾਲਣ ਦਾ ਕੰਮ ਦੇ ਦਿਤਾ ਗਿਆ। ਇਹਨਾਂ ਨੂੰ ਵੈਸ਼ ਸੱਦਿਆ ਜਾਣ ਲਗਾ। ਜਿਹੜੇ ਸਭ ਤੋਂ ਵਧ ਸਹਿਨਸ਼ੀਲ, ਸਮਾਊ ਅਤੇ ਸੇਵਾ-ਭਾਵਨਾ ਵਾਲੇ ਸਨ, ਉਹਨਾਂ ਨੂੰ ਘਰੇਲੂ ਕੰਮ-ਕਾਜ ਤੋਂ ਇਲਾਵਾ ਪਸ਼ੂਆਂ ਦੀ ਸਾਂਭ-ਸੰਭਾਲ ਅਤੇ ਬੀਮਾਰਾਂ-ਬਜ਼ੁਰਗਾਂ ਦੀ ਸੇਵਾ ਆਦਿ ਦੀ ਜ਼ਿੰਮੇਵਾਰੀ ਦਿਤੀ ਗਈ। ਇਹਨਾਂ ਨੂੰ ਸੂਦਰ ਵਜੋਂ ਜਾਣਿਆ ਜਾਣ ਲਗਾ : ਉਦੋਂ ਚਾਰੇ ਸ਼ਰੇਣੀਆਂ ਦੇ ਲੋਕ ਇਕੱਠੇ ਰਹਿੰਦੇ, ਸੌਂਦੇ-ਬਹਿੰਦੇ, ਹਸਦੇ-ਖੇਡਦੇ ਹੁੰਦੇ ਸਨ। ਪਰ ਸਮੇਂ ਦੇ ਬੀਤਣ ਨਾਲ ਕੰਮ-ਵੰਡ, ਜ਼ਾਤੀ-ਵੰਡ ਵਿਚ ਤਬਦੀਲ ਹੋ ਗਈ। ਜਿਸ ਤਰ੍ਹਾਂ ਕਦੇ ਗਣ-ਈਸ਼ ਤੋਂ ਗਣ-ਪਤੀ ਹੋਂਦ ਵਿਚ ਆ ਗਿਆ ਸੀ, ਬਿਲਕੁਲ ਉਸੇ ਤਰ੍ਹਾਂ ਇਕ ਸਮੇਂ ਦੀ ਸੁਚੱਜੀ ਪੌਲਸੀ ਵਕਤ ਬੀਤਣ ਤੇ ਅਤੀ ਕੁਚੱਜੀ ਰੀਤੀ ਵਿਚ ਵੱਟ ਗਈ। ਕਿਸੇ ਵਕਤ ਦਾ ਕੰਮ-ਵੰਡ ਵਾਲਾ ਸੁਨਹਿਰੀ ਅਸੂਲ ਕਾਲੀ ਨੀਤੀ ਵਿਚ ਵਟ ਗਿਆ। ਕਦੇ ਜੋ ਪੌਲਿਸੀ ਵਰਦਾਨ ਜਾਪਦੀ ਸੀ ਕੁਝ ਸਦੀਆਂ ਬਾਅਦ ਹੀ ਕਲੰਕ ਸਾਬਤ ਹੋਈ — ਅਜਿਹਾ ਕਲੰਕ ਜਿਸ ਤੋਂ ਹੋਰ ਵਡਾ ਕਲੰਕ ਸਾਰੀ ਲੋਕਾਈ ਤੇ ਕੋਈ ਨਹੀਂ ਹੈ...

*** ਔਰਤ ਜਾਤੀ ਦੀ ਦੁਰਦਸ਼ਾ ਅਤੇ ਜਾਤੀਵਾਦ ਵਾਲੀ ਸਿਆਸਤ ਦੇ ਸਿੱਟੇ ***

ਸਾਡਾ ਸਮਾਜ ਸਾਡੇ ਸਰੀਰ ਸਮਾਨ ਹੈ। ਜੇ ਅਸੀਂ ਇਕ ਜੰਮਦੇ ਬੱਚੇ ਦੇ ਗੁਟਾਂ ਤੇ ਪੱਕੀਆਂ ਰੱਸੀਆਂ ਘੁਟਕੇ ਬੰਨ੍ਹ ਦਈਏ ਅਤੇ ਦੋਵਾਂ ਪੈਰਾਂ ਤੇ ਭੀੜੇ ਕੜੇ ਪਾ ਦਈਏ ਤਾਂ ਫਿਰ ਉਹ ਬੱਚਾ ਕਿਹੋ ਜਿਹਾ ਨੌਜਵਾਨ ਬਣੇਗਾ......? ਵਡਾ ਤੇ ਸ਼ਾਇਦ ਉਹ ਹੋ ਜਾਏ ਮਗਰ ਹੱਥਾਂ-ਪੈਰਾਂ ਵਲੋਂ ਨਿਕਾਰਾ ਹੀ ਹੋਵੇਗਾ ! ਬਿਲਕੁਲ ਇਹੋ ਹੀ ਹਾਲ ਸਾਡੀ ਕੌਮ ਦਾ ਹੋਇਆ ਜਿਸ ਆਪਣੇ ਅਧੇ ਧੜ ਨੂੰ ਹੀ (ਔਰਤ ਜਾਤੀ) ਘਟੀਆ ਗਿਣਨਾ ਸ਼ੁਰੂ ਕਰ ਦਿਤਾ ਅਤੇ ਬਾਕੀ ਸਰੀਰ ਵਿਚੋਂ ਵੀ ਇਕ ਚੌਥਾਈ ਨੂੰ ਨਖਿੱਧ ਸਮਝ ਕੇ ਉਸ ਨਾਲ ਘ੍ਰਿਣਾ ਕਰਨੀ ਸ਼ੁਰੂ ਕਰ ਦਿਤੀ (ਸ਼ੂਦਰ ਵਰਣ ਨਾਲ) ਅਤੇ ਜਿਹੜਾ ਬੰਦਾ ਆਪਣੇ ਅੱਧੇ ਤੋਂ ਬਹੁਤ ਸਰੀਰ ਨੂੰ ਖੁਦ ਹੀ ਘਟੀਆ ਸਮਝ ਕੇ ਕਮਜ਼ੋਰ ਕਰ ਬੈਠੇ, ਫਿਰ ਉਸ ਨਾਲ ਕੀ ਬੀਤੇਗੀ ? ਇਕ ਵੇਰਾਂ ਦੁਬਾਰਾ ਆਪਣੇ ਮਨ ਵਿਚ ਹੱਟੇ-ਕੱਟੇ ਪਹਿਲਵਾਨ ਦਾ ਕਿਆਸ ਕਰੋ ਜਿਸ ਦੀ ਸੱਜੀ ਬਾਂਹ ਅਤੇ ਖੱਬੀ ਲੱਤ ਨੂੰ ਅਧਰੰਗ ਹੋਇਆ ਹੋਵੇ ? ਅਜਿਹੇ ਪਹਿਲਵਾਨ ਨੂੰ ਜਿਹੜਾ ਮਰਜ਼ੀ ਢਾਹ ਲਵੇ ? ਉਸ ਵਕਤ ਜਿੰਨੇ ਵੀ ਹਮਲਾਆਵਰ ਸਾਡੇ ਆਏ, ਲਗ-ਪਗ ਸਾਰੇ ਦੇ ਸਾਰੇ ਹੀ ਫਤਹਿ ਪਾਉਂਦੇ ਚਲੇ ਗਏ। ਜ਼ਬਾਨੀ-ਇਤਿਹਾਸ ਨੂੰ ਛਡ ਕੇ ਅਗਰ ਲਿਖਤੀ-ਇਤਿਹਾਸ ਵਲ ਝਾਤੀ ਮਾਰੀਏ ਤਾਂ ਪਤਾ ਲਗਦਾ ਹੈ ਕਿ ਸਤਵੀਂ-ਅਠਵੀਂ ਸਦੀ ਵਿਚ ਇਕ ਸਤਾਰ੍ਹਾਂ-ਸਾਲਾ ਨੌਜਵਾਨ, ਮੁਹੰਮਦ ਬਿਨ ਕਾਸਿਮ (ਜਿਸ ਨੂੰ ਬਗਦਾਦ ਦੇ ਖਲੀਫੇ ਨੇ ਇਸਲਾਮ ਦਾ ਪ੍ਰਚਾਰ ਕਰਨ ਵਾਸਤੇ ਭੇਜਿਆ ਸੀ) ਨੇ ਆਪਣੇ ਮੁੱਠੀ ਭਰ ਸੈਨਿਕਾਂ ਨਾਲ ਸਿੰਧ ਦੇ ਰਾਜੇ ਦਾਹਿਰ ਨੂੰ ਮਾਰ ਮੁਕਾਇਆ ਸੀ। ਦਹਿਰ ਦੀ (ਰਾਣੀ ਪਦਮਨੀ) ਆਪਣੀਆਂ ਸੱਤ ਸੌ ਸਖੀਆਂ ਸਮੇਤ ਅੱਗ ਦੀ ਚਿਖਾ ਵਿਚ ਛਾਲ ਮਾਰ ਕੇ ਸੱਤੀ ਹੋ ਗਈ। ਪ੍ਰਿਥਵੀ ਰਾਜ ਚੌਹਾਨ ਦਾ ਸਮਾਂ ਛੱਡ ਕੇ (ਵੈਸੇ ਉਸ ਨੂੰ ਵੀ ਅਖੀਰ ਮੁਹੰਮਦ ਗੌਰੀ ਨੇ ਢਾਹ ਹੀ ਲਿਆ ਸੀ), ਐਬਕ, ਅਲਤਮਸ਼, ਰੱਜ਼ੀਆ ਬੇਗਮ, ਬਲਬਨ, ਖਿਲਜ਼ੀ, ਤੁਗਲਕ, ਲੋਧੀ, ਸਭ ਸਾਡੇ ਤੇ ਰਾਜ ਇਸ ਕਰਕੇ ਕਰਦੇ ਰਹੇ ਕਿ ਸਾਡੇ ਘਰ ਵਿਚ ਹੀ ਫੁਟ ਸੀ। ਰਾਜ-ਪੂਤਾਂ ਦੁਆਰਾ ਲਗਪਗ ਸਭ ਦੀਆਂ ਸਭ ਲੜਾਈਆਂ ਹਾਰ ਜਾਣ ਦੇ ਇਹੋ ਹੀ ਦੋ ਮੁਖ ਕਾਰਨ ਸਨ :—

ਸਾਡੇ ਔਰਤਾਂ ਨਾਲ ਚਾਰ ਦੀਵਾਰੀ ਅੰਦਰ ਵੀ ਗੁਲਾਮਾਂ ਵਰਗਾ ਸਲੂਕ ਕੀਤਾ ਜਾਂਦਾ ਸੀ। ਅਗਰ ਰਾਣਾ ਜੀ ਜੰਗ ਜਿੱਤ ਆਉਣ, ਤਾਂ ਵੀ ਮੁਸ਼ਕਿਲ, ਜੇ ਹਾਰ ਜਾਣ ਤਾਂ ਤੇ ਮਰਨਾ ਹੀ ਹੁੰਦਾ ਸੀ। ਲੜਾਈ ਤੇ ਵੀ ਜਿੰਨੇ ਸੈਨਿਕ ਲੜ ਈ ਵਿਚ ਮਾਰੇ ਜਾਂਦੇ ਸਨ, ਉਹਨਾਂ ਦੀਆਂ ਤਮਾਮ ਬੀਵੀਆਂ ਨੂੰ ਪਾਰ ਬੁਲਾ ਦਿਤਾ ਜਾਂਦਾ ਸੀ, ਚਿਖਾਵਾਂ ਵਿਚ ਜਲਾ ਦਿਤਾ ਜਾਂਦਾ ਸੀ। ਸੋ ਔਰਤਾਂ ਵਿਚਾਰੀਆਂ ਨੂੰ ਜੰਗ ਜਿੱਤ ਜਾਣ ਤੇ ਵੀ ਖੁਸ਼ੀ ਨਹੀਂ ਸੀ ਹੁੰਦੀ। ਇਸੇ ਤਰ੍ਹਾਂ ਹਰੀਜਨਾਂ ਦੇ ਰਸਤੇ ਅਲੱਗ ਹੁੰਦੇ ਸਨ ਅਤੇ ਰਾਜਿਆਂ-ਠਾਕੁਰਾਂ ਦੇ ਵਖਰੇ। ਸ਼ੂਦਰਾਂ ਨੂੰ ਖੂਹਾਂ ਤੋਂ ਪਾਣੀ ਭਰਨ ਤੇ ਮਨਾਹੀ ਹੁੰਦੀ ਸੀ। ਜੰਗ ਵਿਚ ਉਹਨਾਂ ਦੀ ਉੱਕਾ ਹੀ ਕੋਈ ਸ਼ਮੂਲੀਅਤ ਨਹੀਂ ਸੀ ਹੁੰਦੀ। ਇਸ ਲਈ ਰਾਣੇ ਵਲੋਂ ਜੰਗ

ਜਿੱਤਣ ਨਾਲ ਉਹਨਾਂ ਨੂੰ ਕੋਈ ਸਰੋਕਾਰ ਨਹੀਂ ਸੀ ਹੁੰਦਾ ਜਦੋਂ ਕਿ ਰਾਣੇ ਦੇ ਹਾਰਨ ਵਿਚ ਉਹਨਾਂ ਨੂੰ ਫਾਇਦੇ ਹੀ ਫਾਇਦੇ ਦਿਸਦੇ। ਮਸਲਿਨ ਅੱਗਰ ਆ ਜਾਣ ਮੁਸਲਮਾਨ, ਤਾਂ ਜਾਤੀਵਾਦ ਦੀ ਗੁਲਾਮੀ ਤੋਂ ਮੁਕਤੀ ਮਿਲਦੀ ਸੀ। ਰਾਣਿਆਂ ਦੇ ਰਾਜ ਵਿਚ ਚੂਹੜੇ-ਚਮਾਰ; ਮੁਸਲਮਾਨਾਂ ਦੇ ਰਾਜ ਵਿਚ ਨਵਾਬ ਸਹਿਬ, ਮੁਲਾਣਾ ਸਹਿਬ; ਰਾਜਾ ਸਹਿਬ (ਨਾਈ), ਖਵਾਜਾ ਸਹਿਬ, ਪਰਜਾਪਤ ਸਹਿਬ (ਘੁਮਿਆਰ), ਜਨਾਬ-ਏ-ਆਲੀ, ਹਜ਼ੂਰ-ਏ-ਆਲਾ, ਆਦਿ ਆਦਿ ਨਾਵਾਂ ਨਾਲ ਪੁਕਾਰਿਆ ਜਾਂਦਾ ਸੀ। ਕਿਥੇ ਰਾਣਿਆਂ ਦੇ ਰਸਤਿਆਂ ਤੇ ਵੀ ਨਹੀਂ ਸਨ ਚਲ ਸਕਦੇ, ਪੱਕੇ ਕੋਠੇ ਨਹੀਂ ਸਨ ਪਾ ਸਕਦੇ, ਕਪੜੇ ਟੁੰਗ ਕੇ ਚਲਣਾ ਪੈਂਦਾ ਸੀ ਤਾਂ ਜੁ ਕਿਤੇ ਠਾਕੁਰ ਲੋਕ ਕਪੜੇ ਦੀ ਛੂਹ ਨਾਲ ਵੀ ਨਾ ਭਿੱਟੇ ਜਾਣ, ਠਾਕੁਰ ਹਰੀਜਨਾਂ ਦੇ ਪਰਛਾਵੇਂ ਤੋਂ ਵੀ ਦੂਰ ਰਹਿੰਦੇ ਸਨ..., ਦੂਜੇ ਪਾਸੇ ਇਸਲਾਮ ਕਬੂਲਣ ਦੀ ਦੇਰ ਹੁੰਦੀ ਸੀ ਕਿ ਚਾਹੇ ਕੋਈ ਨਵਾਬ-ਬਾਦਸ਼ਾਹ ਹੋਵੇ ਚਾਹੇ ਜੁਲਾਹਾ ਜਾਂ ਮੋਚੀ, ਸਭੇ ਇਕੋ ਤਸਲੇ ਵਿਚੋਂ ਹੀ 'ਬੁਰਕੀ ਡਬੋਂਦੇ ਸਨ, ਹੁੱਕਾ ਵੀ ਸਭ ਲਈ ਸਾਂਝਾ ਹੁੰਦਾ ਸੀ, ਜ਼ਮੀਨ-ਜਾਇਦਾਦ ਵੀ ਖਰੀਦ ਸਕਦੇ ਸਨ। ਹਿੰਦੂਆਂ ਵਿਚ ਪੂਜਾ-ਪਾਠ ਸੁਨਣ ਤੇ ਕੰਨਾਂ ਵਿਚ ਸਿੱਕੇ ਢਲਵਾ ਕੇ ਪਾ ਦਿਤੇ ਜਾਂਦੇ ਸਨ, ਇਸਲਾਮ ਧਾਰਨ ਮਗਰੋਂ ਕੁਰਾਨ ਪੜ੍ਹਨ-ਸੁਨਣ ਦੀ, ਮਸਜਿਦ ਜਾਣ ਦੀ, ਹੱਜ ਕਰਨ ਦੀ ਨਿਮਾਜ਼ ਪੜ੍ਹਨ ਦੀ ਪੂਰਨ ਅਜ਼ਾਦੀ ਮਿਲਦੀ ਸੀ... ਸੋ ਹਰੀਜਨਾਂ ਦਾ ਆਰਥਕ-ਸਮਾਜਕ ਅਤੇ ਸਿਆਸੀ ਸੋਸ਼ਣ, ਉਹਨਾਂ ਨੂੰ ਅੰਦਰ-ਖਾਤੇ ਹਮਲਾਆਵਰਾਂ ਦੀ ਸਾਈਡ ਲੈਣ ਲਈ ਮਜਬੂਰ ਕਰਦਾ।

ਇਸੇ ਤਰ੍ਹਾਂ ਹਿੰਦੂਆਂ ਵਿਚ ਔਰਤ ਨੂੰ 'ਪੈਰ ਦੀ ਜੁੱਤੀ' ਗਿਣਿਆ ਜਾਂਦਾ ਸੀ, ਮੰਦਰ ਜਾਣ ਅਤੇ ਗ੍ਰੰਥ ਪੜ੍ਹਣ-ਸੁਨਣ ਦੀ ਮਨਾਹੀ ਸੀ. ਵਿਧਵਾਵਾਂ ਦੀ ਦਸ਼ਾ ਬਹੁਤ ਹੀ ਤਰਸਯੋਗ ਸੀ – ਉਹਨਾਂ ਦੀਆਂ ਗੁੱਤਾਂ ਕੱਟ ਦਿੱਤੀਆਂ ਜਾਂਦੀਆਂ, ਰੂਪੋਂ-ਕਰੂਪ ਕਰ ਦਿਤਾ ਜਾਂਦਾ, ਉਹਨਾਂ ਦੇ ਮੱਥੇ ਲਗਣਾ ਵੀ ਬਦਸ਼ਗਨ ਸਮਝਿਆ ਜਾਂਦਾ, ਰੰਡੀ ਕਹਿ ਕੇ ਪੁਕਾਰਿਆ ਜਾਂਦਾ। ਸ਼ਾਦੀ ਤੋਂ ਮਗਰੋਂ, ਅਗਰ ਕੋਈ ਆਪਣੀ ਪਤਨੀ ਨੂੰ ਛੱਡ ਦਿੰਦਾ ਤਾਂ ਉਸ ਨੂੰ 'ਛੁੱਟੜ' ਕਹਿਕੇ ਭੰਡਿਆ ਜਾਂਦਾ। ਕੋਈ ਉਸ ਨੂੰ ਇਜ਼ਤ ਦੀਆਂ ਨਜ਼ਰਾਂ ਨਾਲ ਨਾ ਵੇਖਦਾ, ਕੋਈ ਉਸ ਦੀ ਮਦਦ ਨਾ ਕਰਦਾ...... ਪਰ ਦੂਸਰੇ ਪਾਸੇ, ਰਾਣੇ ਦੇ ਜੰਗ ਹਾਰਨ ਮਗਰੋਂ, ਹਮਲਾਆਵਰ ਅਤੇ ਉਹਨਾਂ ਦੇ ਅਹਿਲਕਾਰ, ਉਹਨਾਂ ਨਾਲ ਨਿਕਾਹ ਕਰਦੇ; ਬੇਗਮਾਂ ਬਣਾ ਲੈਂਦੇ, ਮਾਣ-ਇੱਜ਼ਤ, ਧੰਨ-ਦੌਲਤ, ਪਿਆਰ-ਮੁਹੱਬਤ ਸਭ ਕੁਝ ਮਿਲਦਾ। ਮਸਜਿਦ ਜਾਣ ਦੀ ਤਾਂ ਭਾਵੇਂ ਇਸਲਾਮ ਵੀ ਇਜਾਜ਼ਤ ਨਹੀਂ ਸੀ ਦਿੰਦਾ ਮਗਰ ਔਰਤਾਂ ਕੁਰਾਨ ਪੜ੍ਹ ਸਕਦੀਆਂ ਸਨ, ਸੁਣ ਸਕਦੀਆਂ ਸਨ। ਖਾਵੰਦ ਮਰਨ ਮਗਰੋਂ ਦੂਸਰੀ ਸ਼ਾਦੀ ਕਰ ਸਕਦੀਆਂ ਸਨ। ਅਗਰ ਕੋਈ ਮਰਦ ਕਿਸੇ ਔਰਤ ਨੂੰ ਸ਼ਾਦੀ ਮਗਰੋਂ ਤਲਾਕ ਦੇ ਦੇਵੇ ਤਾਂ ਵੀ ਉਸ ਨੂੰ ਨਾਲ ਕਾਫ਼ੀ ਸਾਰੀ ਜਾਇਦਾਦ (ਮਿਹਰ) ਦੇਣੀ ਪੈਂਦੀ ਤਾਂ ਜੁ ਔਰਤ ਆਪਣਾ ਗੁਜ਼ਾਰਾ ਤੋਰ ਸਕੇ ਤੇ ਇਸ 'ਮਿਹਰ' ਦੀ ਮਿਕਦਾਰ ਬਾਬਤ ਵੀ ਸ਼ਾਦੀ (ਨਿਕਾਹ) ਹੋਣ ਸਮੇਂ ਹੀ ਲਿਖਤ-ਪੜ੍ਹਤ ਕਰ ਲਈ ਜਾਂਦੀ। ਹੋਰ ਤੇ ਹੋਰ, ਲੜਕੀ ਦੇ ਨਿਕਾਹ ਸਮੇਂ ਉਸ ਦੀ ਰਜ਼ਾਮੰਦੀ (ਹਾਂ) ਲੈਣੀ ਵੀ ਜ਼ਰੂਰੀ ਹੁੰਦੀ.. ਇਹੀ ਦੋ ਮੁਖ ਕਾਰਣ ਸਨ ਕਿ ਮੁੱਠੀ ਭਰ 'ਅਰਬੀ' ਹਮਲਾ-ਆਵਰ, ਚੰਦ ਸਾਲਾਂ ਵਿਚ ਹੀ ਸਾਰੇ ਹਿੰਦੁਸਤਾਨ ਵਿਚ ਛਾ ਗਏ ਸਨ.....? ਉਹਨਾਂ ਦੀ ਸਿਆਸਤ, ਹਿੰਦੂਆਂ ਦੀ ਸਿਆਸਤ ਤੋਂ ਬੇਹਤਰ ਸੀ।

* ਮੁਗਲਾਂ ਦੀ ਸਿਆਸਤ (Politics) *

ਸਮੇਂ ਦੇ ਬੀਤਣ ਨਾਲ ਗੁਲਾਮ ਵੰਸ਼ ਦੇ ਮੁਸਲ-ਮਾਨ ਰਾਜੇ ਵੀ ਅਯਾਸ਼ੀ ਦਾ ਸ਼ਿਕਾਰ ਹੋ ਹੋ ਕੇ ਕਮਜ਼ੋਰ ਪੈਣ ਲਗੇ। ਲੋਕਾਂ ਵਿਚ ਬੇਚੈਨੀ ਵਧਣ ਲਗੀ। ਖਜ਼ਾਨੇ ਖ਼ਾਲੀ ਹੋਣ ਲਗੇ। ਸੂਫੀ ਕਵੀਆਂ-ਮੁਰਸ਼ਦਾਂ ਦੇ ਆਉਣ ਨਾਲ ਭਗਤੀ ਲਹਿਰ ਦਮ ਫੜਨ ਲਗੀ। ਲੋਕਾਂ ਵਿਚ ਸਥਾਨਕ ਰਾਜਿਆਂ ਪ੍ਰਤੀ ਬਗਾਵਤਾਂ ਉਠਣ ਲਗੀਆਂ.........ਠੀਕ ਇਸ ਸਮੇਂ, ਕਮਜ਼ੋਰ ਪੈ ਚੁਕੇ ਰਜਵਾੜਿਆਂ ਤੇ ਬਾਬਰ ਨੇ ਆਣ ਹਮਲਾ ਕੀਤਾ। ਸ਼ੁਰੂ ਸ਼ੁਰੂ ਵਿਚ ਤਾਂ ਉਸ ਦੀਆਂ ਫੌਜਾਂ ਨੇ ਐਮਨਾਬਾਦ ਵਿਖੇ ਬਹੁਤ ਕਤਲੇਆਮ ਕੀਤਾ, ਔਰਤਾਂ ਦੀ ਬੇਪਤੀ ਕੀਤੀ, ਸਧਾਰਣ ਲੋਕਾਂ ਦੀਆਂ ਕੁਝ ਜਾਇਦਾਦਾਂ ਲੁਟ ਲਈਆਂ, ਕੁਝ ਸਾੜ ਫੂਕ ਦਿਤੀਆਂ ਜਿਸ ਉਪਰ ਉਸ ਵਕਤ ਦੇ ਮਹਾਂ ਪੁਰਖ ਸਮਾਜ ਸੁਧਾਰਕ ਬਾਬੇ ਨਾਨਕ ਨੇ ਬਾਬਰ ਨੂੰ ਚੈਲਿੰਜ ਕੀਤਾ :–

ਪਾਪ ਕੀ ਜੰਞ ਲੈ ਕਾਬਲਹੁ ਧਾਇਆ,
ਜੋਰੀ ਮੰਗੈ ਦਾਨ ਵੇ ਲਾਲੋ।
ਸਰਮ ਧਰਮ ਦੁਇ ਛਪਿ ਖਲੋਏ,
ਕੂੜ ਫਿਰੇ ਪ੍ਰਧਾਨ ਵੇ ਲਾਲੋ।
ਕਾਜੀਆਂ, ਬਾਮਣਾਂ ਕੀ ਗਲ ਥੱਕੀ,
ਅਗਦੁ ਪੜੈ ਸ਼ੈਤਾਨ ਵੇ ਲਾਲੋ।

ਬਾਬੇ ਨਾਨਕ ਨੂੰ, ਪਹਿਲਾਂ ਤਾਂ ਸੂਬੇਦਾਰਾਂ ਦੀ ਸ਼ਿਕਾਇਤ ਤੇ ਬਾਬਰ ਨੇ ਜੇਲ੍ਹ ਵਿਚ ਡੱਕ ਦਿਤਾ ਪਰ ਜਦੋਂ ਉਸ ਨੂੰ ਗੁਰੂ ਦੀ ਸਹੀ ਸ਼ਖ਼ਸੀਅਤ, ਵਡੱਪਣ ਅਤੇ ਫਿਲਾਸਫੀ ਦਾ ਗਿਆਨ ਹੋਇਆ ਤਾਂ ਉਸ ਨੇ ਗੁਰੂ ਜੀ ਦੀਆਂ ਨਸੀਹਤਾਂ ਤੇ ਅਮਲ ਸ਼ੁਰੂ ਕਰ ਦਿਤਾ

ਸੀ......

ਜੇ ਸਕਤਾ ਸਕਤੇ ਕੋ ਮਾਰੇ,
ਤਾਂ ਰੋਸ ਨਾ ਕੋਈ ਹੋਏ ।

......ਤੇ ਬਾਬਰ ਇਹ ਚੀਜ਼ ਸਮਝ ਗਿਆ । ਉਸ ਲੋਕਾਂ ਨਾਲ ਵਿਰੋਧ Confrontation ਦੀ ਜਗ੍ਹਾ ਮਿਲਵਰਤਣ Co-operation ਦੀ ਨੀਤੀ ਅਪਣਾਈ । ਹੁਕਮ ਜਾਰੀ ਕਰ ਦਿਤਾ ਕਿ ਕੋਈ ਸਧਾਰਣ ਅਵਾਮ ਨੂੰ ਬਿਲਕੁਲ ਤੰਗ ਨਾ ਕਰੇ, ਲੜਾਈ ਦੀ ਨੌਬਤ ਆਉਂਦੀ ਹੈ ਤਾਂ ਕੇਵਲ ਰਾਜੇ (ਸਕਤੇ-ਜ਼ੋਰਾਵਰ) ਰਾਣਿਆਂ ਨਾਲ ਯੁਧ ਕਰੇ, ਫੌਜਾਂ, ਫੌਜਾਂ ਨਾਲ ਟੱਕਰ ਲੈਣ ਨਾ ਕਿ ਜਨ-ਸਧਾਰਣ ਨੂੰ ਲੁਟਣ-ਮਾਰਨ । ਇਸ ਦਾ ਨਤੀਜਾ ਇਹ ਨਿਕਲਿਆ ਕਿ ਲਾਹੌਰ-ਪਿਸ਼ੌਰ ਤੋਂ ਬਾਬਰ ਸਿੱਧਾ ਦਿੱਲੀ ਲਾਗੇ ਜਾ ਪਹੁੰਚਿਆ — ਬਗੈਰ ਕਿਸੇ ਰੋਕ ਟੋਕ ਦੇ ਜਿਥੇ ਉਸ ਸਿਕੰਦਰ ਲੋਧੀ ਨਾਲ ਯੁਧ ਵਿਚ ਫਤਹਿ ਪਾ ਕੇ, ਦਿੱਲੀ ਦੇ ਤਖਤ ਤੇ ਕਬਜ਼ਾ ਕਰ ਲਿਆ । ਬਾਬਰ ਨੇ ਸਥਾਨਕ ਲੋਕਾਂ ਨਾਲ ਰਿਸ਼ਤੇ-ਨਾਤੇ ਗੰਢ ਲਏ ਅਤੇ ਇਸ ਤਰ੍ਹਾਂ ਉਹ ਸਾਰੇ ਹਿੰਦੁਸਤਾਨ ਵਿਚ ਛਾ ਜਾਣ ਵਿਚ ਕਾਮਯਾਬ ਹੋ ਗਿਆ ।

* ਸ਼ੇਰ ਸ਼ਾਹ ਸੂਰੀ-ਉੱਚ ਕੋਟੀ ਦਾ ਨੀਤੀਵਾਨ *

ਬਾਬਰ ਤੋਂ ਮਗਰੋਂ, ਹਿਮਾਯੂੰ ਸ਼ੁਰੂ ਵਿਚ ਬਹੁਤਾ ਯੋਗ ਰਾਜਾ ਨਾ ਸਿਧ ਹੋਇਆ । ਇਸ ਵਕਤ ਇਕ ਸੂਰਮਾ ਜਰਨੈਲ ਸ਼ੇਰਸ਼ਾਹ ਸੂਰੀ ਉਠਿਆ ਜਿਸਦੇ ਰਾਜ ਵਿਚ ਜਿਨੀ ਤਰੱਕੀ ਹਿੰਦੁਸਤਾਨ ਨੇ ਕੀਤੀ, ਉਹ ਦੁਨੀਆ ਦੇ ਇਤਿਹਾਸ ਵਿਚ ਬੇ-ਮਿਸਾਲ ਹੈ । ਉਸ ਆਪਣੇ ਛੇਆਂ ਸਾਲ ਦੇ ਰਾਜ ਦੁਰਾਨ ਹੀ, ਸੋਲਵੀਂ ਸਦੀ ਵਿਚ ਉਹ ਕੁਝ ਕਰਕੇ ਵਖਾ ਦਿਤਾ ਜੋ ਸਾਡੀ ਕਾਂਗਰਸੀ ਹਕੂਮਤ ਵੀਹਵੀਂ ਸਦੀ ਵਿਚ ਆਪਣੇ 34 ਸਾਲਾਂ ਰਾਜ ਦੁਰਾਨ ਨਹੀਂ ਕਰ ਸਕੀ । ਸ਼ੇਰਸ਼ਾਹ ਸੂਰੀ ਨੇ ਕਲਕੱਤੇ ਤੋਂ ਲੈ ਕੇ ਪਿਸ਼ਾਵਰ ਤੀਕ ਦੁਨੀਆ ਦੀ ਸਭ ਤੋਂ ਵੱਡੀ ਸੜਕ (ਜੀ. ਟੀ. ਰੋਡ ਨੰਬਰ 'ਇਕ') (ਬਗੈਰ ਓਵਰਸੀਅਰਾਂ/ਐਕਸੀਅਨਾ ਤੋਂ) ਬਣਾ ਦਿਤੀ ? ਜਗ੍ਹਾ-ਜਗ੍ਹਾ ਧਰਮ-ਸ਼ਾਲਾਵਾਂ ਬਣਵਾਈਆਂ, ਖੂਹ ਪੁਟਾਏ । ਜ਼ਮੀਨ ਦੀ ਪਮਾਇਸ਼ ਕਰਵਾਈ — ਇਹ ਹਿੰਦੁਸਤਾਨ ਦੀ ਹਿਸਟਰੀ ਵਿਚ ਪਹਿਲੀ ਜ਼ਮੀਨੀ-ਪਮਾਇਸ਼ ਸੀ । ਸ਼ਾਹਮਾਰਗ ਦੇ ਉਤੇ ਸੁਰੱਖਿਆ ਦੇ ਪੱਕੇ ਪ੍ਰਬੰਧ ਕੀਤੇ । ਕਲਕੱਤੇ ਤੋਂ ਪਿਸ਼ਾਵਰ, ਥਵਾ ਘੰਟੇ ਵਿਚ ਸੁਨੇਹਾ ਪੁਚਾਇਆ ਜਾ ਸਕਦਾ ਸੀ — ਨਗਾਰਿਆਂ ਤੇ ਡੱਗਾ ਲਗਾ-ਲਗਾ ਕੇ । ਸੜੇ ਰਸਤੇ ਤੇ ਪੰਜ-ਪੰਜ ਮੀਲ ਉਪਰ ਨਗਾਰਸਾਜ਼-ਘੋੜਸਵਾਰ ਸਿਪਾਹੀ ਅਦਿ ਖੜੇ ਰਹਿੰਦੇ ਸਨ । ਕਿਡਾ ਮਹਾਨ ਸੀ ਉਹ ਸ਼ੇਰਸ਼ਾਹ ਸੂਰੀ (ਤੇ ਕਿਡੇ ਮਹਾਨ ਹਨ ਅੱਜ ਦੇ ਕੁਣਬ੍ਹਪਰਵਰ ਲੀਡਰ ਜਿਨ੍ਹਾਂ ਕੋਲੋਂ ਸੋਲਵੀਂ ਸਦੀ ਵਿਚ ਸਧਾਰਣ ਮਿਸਤਰੀਆਂ ਰਾਹੀ ਬਣਾਈ ਗਈ ਸੜਕ, ਲੱਖਾ ਐਨਜੀਨਅਰਾਂ-ਮਸ਼ੀਨਾ ਦੇ ਬਾਵਜੂਦ ਚੰਗੀ ਤਰ੍ਹਾਂ ਸੰਭਾਲੀ ਹੀ ਨਹੀਂ ਜਾ ਰਹੀ ਤੇ ਮਾੜੀ-ਮੁਰੰਮਤ ਕਾਰਣ, ਉੱਤਰੀ ਭਾਰਤ ਵਿਚ ਹੀ ਪੰਜਾਹ ਤੋਂ ਵਧ ਐਕਸੀਡੈਂਟ ਹਰ ਰੋਜ਼ ਹੁੰਦੇ ਹਨ...) ਕਿਥੇ ਸੋਲ੍ਹਵੀਂ ਸਦੀ ਵਿਚ ਹਿੰਦੁਸਤਾਨ ਦੇ ਇਕ ਕੋਨੇ ਤੋਂ ਦੂਜੇ ਕੋਨੇ ਘੰਟੇ ਵਿਚ ਸੁਨੇਹਾ ਪੁੱਜ ਜਾਂਦਾ ਸੀ, ਕਿਥੇ ਵੀਹਵੀਂ ਸਦੀ ਵਿਚ ਦਿੱਲੀਉਂ-ਪਟਿਆਲੇ ਕੀਤੀ ਤਾਰ ਸਾਰੀ ਦਿਹਾੜੀ ਵਿਚ ਨਹੀਂ ਹੈ ਪੁਜਦੀ ।

* ਅਕਬਰ ਦੀ ਸਿਆਸਤ *

ਪਰ ਕੁਦਰਤ ਵਲੋਂ ਸ਼ੇਰਸ਼ਾਹ ਸੂਰੀ ਨੂੰ ਜਲਦ ਸੱਦਾ ਆ ਗਿਆ ਹਿਮਾਯੂੰ ਮਗਰੋਂ ਅਕਬਰ ਵੀ ਸ਼ੇਰਸ਼ਾਹ ਸੂਰੀ ਦੇ ਪਦ-ਚਿੰਨਾ ਤੇ ਚਲਿਆ । ਅਕਬਰ ਨੇ ਐਲਾਨ ਕਰ ਦਿਤਾ, "ਨਾ ਮੈਂ ਹਿੰਦੂ ਨਾ ਮੁਸਲਮਾਨ, ਮੇਰਾ ਦੀਨ ਇਲਾਹੀ !" ਉਸ ਹਿੰਦੂਆਂ ਨਾਲ ਰਿਸ਼ਤੇ-ਨਾਤੇ ਹੀ ਨਹੀਂ ਸਨ ਕੀਤੇ ਸਗੋਂ ਮੱਕੇ ਦੀ ਜਗ੍ਹਾ ਵੀ ਅਜਮੇਰ ਵਿਖੇ ਲੋਕਾਂ ਨੂੰ ਹਜ ਕਰਨ ਲਈ ਜਾਣ ਵਾਸਤੇ ਕਿਹਾ । ਸਲੀਮ (ਸ਼ਾਹਜਹਾਨ) ਦੀ ਮਾਂ ਰਾਜਪੂਤਣੀ ਸੀ ਅਤੇ ਉਸਨੂੰ ਅਕਬਰ ਦੇ ਰਾਜ-ਘਰਾਣੇ ਅੰਦਰ ਹੀ ਮੰਦਰ-ਪੂਜਣ ਦੀ ਪੂਰਨ ਖੁੱਲ ਸੀ ।

* ਔਰੰਗਜ਼ੇਬ ਦਾ ਯੁੱਗ *

ਸਮਾਂ ਬੀਤਣ ਨਾਲ ਅਕਬਰ ਤੋਂ ਸ਼ਾਹਜਹਾਨ, ਸ਼ਾਹਜਹਾਨ ਤੋਂ ਔਰੰਗਜ਼ੇਬ ਦਾ ਰਾਜ ਆਇਆ । ਸ਼ਾਹ-ਜਹਾਨ ਦੇ ਰਾਜ ਵਿਚ ਅੰਗਰੇਜ਼, ਗਰਮ-ਮਸਾਲੇ ਖਰੀਦਣ ਵਾਸਤੇ ਭਾਰਤ ਆਣ ਪੁੱਜੇ । ਇਥੋਂ ਦੀ ਧੰਨ-ਦੌਲਤ: ਕਣਕ-ਛੋਨਾ, ਪਟਸਨ-ਕਪਾਹ, ਚਾਂਦੀ-ਸੋਨਾ, ਹੀਰੇ-ਜਵਾਹਰਤ, ਦੁੱਧ-ਘਿਉ ਵੇਖਕੇ ਚਲਾਕ ਅੰਗਰੇਜ਼ਾਂ ਨੇ ਵਪਾਰ ਦੇ ਬਹਾਨੇ ਸਮੁੰਦਰ ਕੰਢੇ ਬਹੁਤ ਸਾਰੀਆਂ ਕੋਠੀਆਂ ਆਣ ਪਾਈਆਂ । ਔਰੰਗਜ਼ੇਬ ਨੇ ਅੰਗਰੇਜ਼ਾ ਨੂੰ ਮੂੰਹ ਨਹੀਂ ਸੀ ਲਾਇਆ ਸਗੋਂ 'ਹਾਜੀਆਂ ਦੇ ਜ਼ਹਾਜ਼' ਲੁੱਟਣ ਦੇ ਜੁਰਮ ਵਿਚ ਉਸ ਅੰਗਰੇਜ਼ਾ ਦੀਆਂ ਤਮਾਮ ਕੋਠੀਆਂ ਜ਼ਬਤ ਕਰ ਲਈਆਂ । ਵੈਸੇ ਇਨ੍ਹਾਂ ਜ਼ਹਾਜ਼ਾਂ ਨੂੰ ਅੰਗਰੇਜ਼ਾ ਨਹੀਂ ਸੀ ਲੁਟਿਆ ਸਗੋਂ ਗੁਰੀਲੇ ਮਰਹਟੇ ਆਗੂ ਸ਼ਿਵਾਜ਼ੀ ਨੇ ਲੁਟਿਆਂ ਸੀ । ਔਰੰਗਜ਼ੇਬ, ਅੰਗਰੇਜ਼ ਵਪਾਰੀਆਂ ਦੀ ਚਲਾਕੀ ਨੂੰ ਚੰਗੀ ਤਰ੍ਹਾਂ ਸਮਝਦਾ ਸੀ ਇਸ ਲਈ ਉਸਨੇ ਉਨ੍ਹਾਂ ਦੇ ਪੈਰ ਨਾ ਲਗਣ ਦਿਤੇ । ਪਰ ਜਦੋਂ ਔਰੰਗਜ਼ੇਬ ਦੇ ਹੀ ਕੁਝ ਗੈਰ ਜ਼ੁੰਮੇਵਾਰ ਅਤੇ ਮਹਜ਼ਬ ਦੇ ਜਨੂੰਨੀ ਸੂਬੇਦਾਰਾਂ ਨੇ, ਹਿੰਦੂਆਂ ਨੂੰ ਜ਼ਬਰ-ਦਸਤੀ ਮੁਸਲਮਾਨ ਬਨਾਉਣਾ ਚਾਹਿਆ ਤਾਂ ਦੁਰਬਲ ਪੈ ਚੁਕੀ ਹਿੰਦੂ ਕੌਮ ਨੇ ਗੁਰੂ ਤੇਗ ਬਹਾਦਰ ਤੋਂ ਰਖਿਆ ਦੀ ਮੰਗ ਕੀਤੀ । । ਡਰੀ ਹੋਈ ਕੌਮ ਦੇ ਮਨਾ ਵਿਚੋਂ

ਮੌਤ ਦਾ ਖੌਫ ਦੂਰ ਕਰਨ ਖਾਤਰ, ਉਸ ਵਕਤ ਦੇ ਮਹਾਂ-ਪੁਰਖ ਤੇ ਨਿਡੱਰ ਆਗੂ ਨੇ ਖ਼ੁਦ ਆਪਣਾ ਸੀਸ ਕਟਵਾਉਣ ਦਾ ਫ਼ੈਸਲਾ ਕੀਤਾ। ਕੌਮ ਖਾਤਰ ਕੀਤੀ ਜਾਣ ਵਾਲੀ ਅਜਿਹੀ ਕੁਰਬਾਨੀ ਦੀ ਹੋਰ ਕੋਈ ਮਿਸਾਲ ਸ਼ਇਦ ਹੀ ਦੁਨੀਆਂ ਦੇ ਇਤਿਹਾਸ ਵਿਚ ਕਿਤੇ ਮਿਲੇ, ਇਸ ਨੇ ਮਜ਼ਲੂਮਾਂ ਦੀ ਇਕ ਨਵੀਂ ਸਿਆਸਤ ਨੂੰ ਜਨਮ ਦਿਤਾ ?

* ਗੁਰੂ ਗੋਬਿੰਦ ਸਿੰਘ – ਇਕ ਮਹਾਨ ਨੀਤੀਵਾਨ. *

ਔਰੰਗਜ਼ੇਬ ਦੇ ਅਹਿਲਕਾਰਾਂ ਦੀਆਂ ਗ਼ਲਤ ਨੀਤੀਆਂ ਨੂੰ ਚੈਲਿੰਜ ਕਰਨ ਖਾਤਰ, ਗੁਰੂ ਗੋਬਿੰਦ ਸਿੰਘ ਨੇ 1699 ਵਿਚ, ਅਨੰਦਪੁਰ ਸਹਿਬ ਵਿਖੇ ਖਾਲਸੇ ਦੀ ਸਿਰਜਣਾ ਕੀਤੀ। ਹਿੰਦੂਆਂ ਵਿਚ ਪ੍ਰਚਲਤ ਹੁੱਕੇ-ਤਮਾਕੂ ਨੂੰ ਕੁਰਹਿਤ ਕਰਾਰ ਦੇ ਕੇ ਦੂਰ-ਦਰਸ਼ੀ ਗੁਰੂ ਨੇ; ਕੌਮ ਨੂੰ ਨਸ਼ਿਆਂ ਤੋਂ ਮੁਕਤ ਕਰਵਾ ਕੇ, ਆਲਸੀਆਂ ਤੋਂ ਬਹਾਦੁਰ ਬਣਾਇਆ। ਕੁੜੀਮਾਰ, ਨੜੀਮਾਰ ਵਰਗੀਆਂ ਕੁਰੀਤੀਆਂ ਹੀ ਦੂਰ ਨਹੀਂ ਸਨ ਕੀਤੀਆਂ ਸਗੋਂ ਕੰਘੇ, ਕੜੇ, ਕੱਛੇ, ਕ੍ਰਿਪਾਨ ਆਦਿ ਵਰਗੇ ਕਕਾਰ ਦੇ ਕੇ ਕੌਮ ਵਿਚ ਸੁਚੱਜੇ ਚਰਿਤਰ, ਸੁਹਣੀ ਸਿਹਤ; ਸਰੀਰਕ ਸਫਾਈ ਅਤੇ ਬਾਹੂਬਲ ਦਾ ਨਿਰਮਾਣ ਕੀਤਾ। ਸ਼ੁਰੂ ਵਿਚ ਭਾਵੇਂ ਪੰਜ ਪਿਆਰਿਆਂ ਹੀ ਉਨ੍ਹਾਂ ਤੇ ਵਿਸ਼ਵਾਸ਼ ਕੀਤਾ ਸੀ ਮਗਰ ਉਸ ਨਿਡੱਰ ਯੋਧੇ ਨੇ ਮੁੱਠੀ ਭਰ ਸਿੰਘਾਂ ਨਾਲ ਹੀ, ਦੁਨੀਆ ਦੀ ਸਭ ਤੋਂ ਵੱਡੀ ਬਾਦਸ਼ਾਹੀ — ਸਲਤਨਤ-ਏ-ਔਰੰਗਜ਼ੇਬ ਨੂੰ ਚੈਲਿੰਜ ਕਰ ਦਿਤਾ। ਉਸ ਬੀਰ-ਸੂਰਮੇ ਨੇ ਸ਼ੈਨਸ਼ਾਹੀ ਫੌਜਾਂ ਨੂੰ ਸਿਰਫ ਚੈਲਿੰਜ ਹੀ ਨਹੀਂ ਸੀ ਕੀਤਾ ਸਗੋਂ ਪੰਜ ਪੀੜੀਆਂ ਤੋਂ ਚਲੀ ਆ ਰਹੀ ਹਕੂਮਤ ਦੀਆਂ ਨੀਹਾਂ ਕੰਬਾ ਕੇ ਰਖ ਦਿਤੀਆਂ ਸਨ !! ਮਹਾਂ ਕਵੀ ਉੱਚ ਕੋਟੀ ਦੇ ਨੀਤੀਵਾਨ, ਰਣ ਦੇ ਸੂਰਮੇ ਨੇ ਸਿੰਘਾ ਨੂੰ ਇਕੋ ਹੀ ਸੰਦੇਸ਼ ਵਿਚ, ਉਨ੍ਹਾਂ ਦੇ ਫਰਜ਼ ਪ੍ਰਤੀ ਜਾਣੂ ਕਰਵਾਇਆ ਸੀ। —

ਦੇਹ ਸਿਵਾ ਬਰ ਮੋਹਿ ਇਹੈ,
ਸ਼ੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ,
ਨਿਸਚੈ ਕਰ ਆਪਨੀ ਜੀਤ ਕਰੋਂ ॥
ਅਰੁ ਸਿਖ ਹੋਂ ਆਪਨੇ ਹੀ ਮਨ ਕੌ;
ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਧਾਨ ਬਨੈ
ਅਤ ਹੀ ਰਨ ਮੈਂ ਤਬ ਜੂਝ ਮਰੋਂ ॥

...ਤੇ ਜਿਸ ਆਪਣੇ ਸੂਰਮਿਆਂ ਦਾ ਮਨੋਬਲ ਵਧਾਉਣ ਖਾਤਰ ਕਿਹਾ ਸੀ,

ਚਿੜੀਆਂ ਸੇ ਮੈ ਬਾਜ ਤੁੜਾਊਂ
ਸਵਾ ਲਾਖ ਸੇ ਏਕ ਲੜਾਊਂ
ਤਬੀ ਗੋਬਿੰਦ ਸਿੰਘ ਨਾਮ ਕਹਾਊਂ

...ਤੇ ਉਸ ਮਹਾਂ-ਪੁਰਖ ਨੇ ਕੌਮ ਦੀ ਖਾਤਰ ਸਰਬੰਸ ਵਾਰ ਦਿਤਾ ਪਰ ਫਿਰ ਵੀ ਕਦੇ ਨਾ ਡੋਲਿਆ ਅਤੇ ਉਦਾਸ ਬੈਠੀ ਮਾਤਾ ਗੁਜਰੀ ਨੂੰ ਕਿਹਾ;

ਇਨ ਪੁਤਰਨ ਕੇ ਵਾਸਤੇ
ਵਾਰ ਦੀਏ ਪੁੱਤ ਚਾਰ
ਚਾਰ ਮੂਇ ਤੋ ਕਿਆ ਹੂਆ
ਜੀਵਤ ਕਈ ਹਜ਼ਾਰ

ਕੌਮ ਖਾਤਰ ਸਰਬੰਸ ਵਾਰ ਦੇਣ ਮਗਰੋਂ ਵੀ ਉਸ ਬੀਰ-ਯੋਧੇ ਨੇ ਅਤੀ ਸੰਕਟ ਦੀ ਘੜੀ ਵੀ ਬੇਅੰਤ ਆਤਮਿਕ ਅਤੇ ਮਾਨਸਿਕ ਸੰਤੁਲਨ ਦਾ ਸਬੂਤ ਦਿਤਾ। ਉਨ੍ਹਾਂ ਦੇ ਚੜ੍ਹਦੀ ਕਲਾ ਵਿਚ ਰਹਿਣ ਬਾਬਤ ਹੇਠ ਲਿਖੇ ਸ਼ਬਦ ਤੋਂ ਸਪੱਸ਼ਟ ਦਿਸਦਾ ਹੈ :

ਸੂਲ ਸੁਰਾਹੀ ਖੰਜਰੁ ਪਿਆਲਾ;
ਬਿੰਗ ਕਸਾਈਆਂ ਦਾ ਸਹਿਣਾ।
ਯਾਰੜੇ ਦਾ ਸਾਨੂੰ ਸੱਥਰ ਚੰਗਾ,
ਭੱਠ ਖੇੜਿਆਂ ਦਾ ਰਹਿਣਾ।

ਗੁਰੂ ਗੋਬਿੰਦ ਸਿੰਘ ਅਤੇ ਔਰੰਗਜ਼ੇਬ ਦਾ ਯੁੱਗ ਬੀਤਣ ਮਗਰੋਂ, ਮੁਗਲਈ ਰਾਜਕੁਮਾਰ ਕਮਜ਼ੋਰ ਪੈ ਗਏ। ਬਹਾਦੁਰਸ਼ਾਹ ਜ਼ਫਰ ਕੋਲੋਂ ਹਕੂਮਤ ਅੰਗ੍ਰੇਜ਼ਾ ਦੇ ਹੱਥੀਂ ਚਲੀ ਗਈ।

* ਈਸਟ ਇੰਡੀਆ ਕੰਪਨੀ *

ਸੱਤ ਅੱਠ ਧਨਾਡ-ਅੰਗਰੇਜ਼ਾਂ ਨੇ ਰਲ ਕੇ ਦੋ-ਢਾਈ ਲੱਖ ਪੌਂਡ ਇਕੱਠੇ ਕੀਤੇ ਅਤੇ ਇਕ ਕੰਪਨੀ ਬਣਾ ਕੇ, ਭਾਰਤ ਵਿਚ ਵਪਾਰ ਕਰਨ ਲਈ ਆਏ। ਕਲਾਈਵ ਉਸ ਕੰਪਨੀ ਵਿਚ ਇਕ ਸਧਾਰਣ ਕਲਰਕ ਸੀ ਪਰ ਆਪਣੀ ਤੀਖਣ ਬੁੱਧੀ, ਹੁਸ਼ਿਆਰੀ ਕਾਰਨ ਤਰੱਕੀ ਕਰਦਾ-ਕਰਦਾ ਮੈਨਜਰ (Agent) ਬਣ ਗਿਆ। ਫਰਾਂਸੀਸੀਆਂ ਨੂੰ ਭਜਾਉਣ ਅਤੇ ਬੰਗਾਲ ਆਦਿ ਤੇ ਕਬਜ਼ਾ ਕਰਨ ਮਗਰੋਂ ਕਲਾਈਵ ਦਾ ਅਹੁਦਾ ਵਧਾ ਕੇ ਲਾਰਡ ਕਲਾਈਵ ਕਰ ਦਿਤਾ ਗਿਆ। ਉਸਦੇ ਸਮੇਂ ਵਿਚ ਕੰਪਨੀ ਨੇ ਭਾਰੀ ਤਰੱਕੀ ਕੀਤੀ (ਬੇ-ਹਿਸਾਬਾ ਮੁਨਾਫ਼ਾ ਕਮਾਇਆ)। ਸ਼ੁਰੂ-ਸ਼ੁਰੂ ਵਿਚ ਤਾਂ ਗਰਮ ਮਸਾਲੇ ਹੀ ਸਸਤੇ ਭਾਉ ਖਰੀਦ ਕੇ ਇੰਗਲੈਂਡ ਭੇਜੇ ਜਾਂਦੇ ਸਨ ਪਰ ਮਗਰੋਂ ਪਟਸਨ, ਕਪਾਹ, ਕਨਕ, ਛੋਲੇ, ਬਦਾਮ-ਛੁਹਾਰੇ, ਸੌਗੀ-ਅਖਰੋਟ ਵੀ ਇੰਗਲੈਂਡ ਪੁਜਣ ਲਗੇ। ਅਸਾਮ ਤੇ ਕਬਜ਼ਾ ਕਰਨ ਮਗਰੋਂ ਚਾਹ ਅਤੇ ਕਾਫੀ, ਰੇਸ਼ਮ ਅਤੇ ਵਧੀਆ ਕਿਸਮ ਦੀ ਲਕੜੀ ਦੇ ਵੀ ਜਹਾਜ਼ਾਂ ਦੇ ਜਹਾਜ਼ ਲੰਡਨ ਪੁਜਣੇ ਸ਼ੁਰੂ ਹੋ ਗਏ। ਉਧਰੋਂ ਸਾਨੂੰ ਆਉਂਦੇ ਸੀ ਬਿਸਕੁਟ, ਸਿਗਰਟਾ, ਗੋਲੀ-ਸਿੱਕਾ ਸ਼ੁਰੂ-ਸ਼ੁਰੂ ਵਿਚ ਚਾਹ ਵੀ ਬਾਹਰੋਂ ਆਉਂਦੀ

ਸੀ । ਜਿਉਂ-ਜਿਉਂ ਅੰਗਰੇਜ਼ਾਂ ਦੇ ਪੈਰ ਭਾਰਤ ਦੀ ਧਰਤੀ ਵਿਚ ਖੁਭਦੇ ਗਏ ਤਿਉਂ-ਤਿਉਂ ਉਹ ਸਾਡੀ ਆਰਥਕਤਾ ਤਬਾਹ ਕਰਦੇ ਗਏ ਅਤੇ ਆਪਣੀਆਂ ਚੀਜ਼ਾਂ ਸਾਡੇ ਤੇ ਠੋਸਦੇ ਗਏ । ਸ਼ੁਰੂ-ਸ਼ੁਰੂ ਵਿਚ ਸਿਗਰਟਾਂ ਮੁਫਤ ਪਿਆਈਆਂ ਜਾਂਦੀਆਂ ਸਨ - ਸੈਂਪਲ ਵਜੋਂ । ਚਾਹ ਪੀਣ ਦੀ ਆਦਤ ਵੀ ਅੰਗਰੇਜ਼ਾਂ ਹੀ ਸਾਨੂੰ ਪਾਈ ਸੀ । ਵਲੈਤੀ ਘਿਉ (ਹੁਣ ਤਾਂ ਦੇਸੀ ਦੇ ਦਰਸ਼ਨ ਕੀਤਿਆਂ ਵੀ ਦਹਾਕੇ ਗੁਜ਼ਰ ਚੁੱਕੇ ਹਨ - ਭਾਵੇਂ ਵੇਰਕਾ ਤੇਰੀ ਸਾਡੇ ਪਿੰਡ ਦੀ ਧਰਤੀ ਵਿਚ ਹੀ ਬਣੀ ਹੁੰਣੀ ਹੈ) ਵੀ ਅੰਗਰੇਜ਼ਾਂ ਨੇ ਸਾਨੂੰ ਬਖਸ਼ਿਆ ਸੀ ?

* ਕਾਂਗਰਸੀ ਸਰਕਾਰ ਦੀ ਸਿਆਸਤ *

ਮੁਲਕ ਆਜ਼ਾਦ ਹੋਣ ਤੇ ਮਗਰੋਂ ਪਹਿਲੇ ਪੰਦਰਾਂ ਸਾਲਾਂ ਦੁਰਾਨ ਵੱਡੇ-ਵੱਡੇ ਡੈਮ ਉਸਰੇ, ਭਲਾਈ ਸਟੀਲ ਪਲਾਂਟ, ਨੰਗਲ-ਖਾਦ-ਕਾਰਖਾਨੇ ਵਰਗੇ ਕਾਰਖਾਨੇ ਲਗੇ, ਹੋਰ ਨਹਿਰਾਂ-ਸੜਕਾਂ ਬਣੀਆਂ, ਬਿਜਲੀ ਵਧੀ ਪਰ ਮੁੱਖ ਤੌਰ ਤੇ ਫਾਇਦਾ ਬਿਰਲੇ-ਟਾਟੇ, ਡਾਲਮੀਏ-ਥਾਟੇ ਨੂੰ ਹੀ ਹੋਇਆ...ਅਤੇ ਲੋਕਾਂ ਦੇ ਹਿੱਸੇ ਆਈ ਭੁੱਖ ਨੰਗ, ਮਹਿੰਗਾਈ, ਬੇ-ਰੁਜ਼ਗਾਰੀ, ਚੋਰ ਬਜ਼ਾਰੀ ਧੋਖਾਦੇਈ, ਮਿਲਾਵਟਖੋਰੀ, ਖੁਦਗਰਜ਼ੀ ਅਤੇ ਸਭ ਤੋਂ ਵਧ ਜਿਸ ਚੀਜ਼ ਦੀ ਅਜ਼ਾਦੀ ਤੋਂ ਮਗਰੋਂ ਪ੍ਰਾਪਤੀ ਹੋਈ...?... ਉਹ ਹੈ...??...ਕੁਣ...ਕੁਣ...ਕੁਣਬਾ ਪਰਵਰੀ !!!

ਜੇ ਮੇਰੇ ਉਪਰ ਯਕੀਨ ਨਹੀਂ ਤਾਂ ਇੰਡੀਆ - 1980...ਭਾਰਤ ਸਰਕਾਰ ਦੀ ਛੱਪੀ ਹੋਈ ਕਿਤਾਬ ਵੇਖ ਲਉ ਕੀ ਪਈ ਕਹਿੰਦੀ ਹੈ ?

(ੳ) 34 ਸਾਲਾਂ ਦੀ ਅਜ਼ਾਦੀ ਤੋਂ ਮਗਰੋਂ ਵੀ ਅਜ ਸਾਡੇ ਦੇਸ਼ ਦੇ ਦੋ-ਤਿਹਾਈ ਪਿੰਡਾਂ ਵਿਚ ਬਿਜਲੀ ਦੀ ਇਕ ਕਿਰਨ ਤੀਕ ਨਹੀਂ ਹਾਲੇ ਪੁਜੀ...ਸਹੀ ਸਵਾ ਤਿੰਨ ਲੱਖ ਪਿੰਡਾਂ ਵਿਚ !!

(ਅ) ਹਿੰਦੁਸਤਾਨ ਵਿਚ ਕੋਈ 99000 ਅਜਿਹੇ ਪਿੰਡ ਹਨ ਜਿਥੇ ਡੂਢ-ਡੂਢ ਮੀਲ ਵਿਚ ਪੀਣ ਵਾਲੇ ਪਾਣੀ ਦੀ ਇਕ ਬੂੰਦ ਵੀ ਨਹੀਂ ਹਥਿਆਉਂਦੀ !

(ੲ) 34 ਸਾਲਾਂ ਦੀ ਅਜ਼ਾਦੀ ਦੁਰਾਨ ਗਰੀਬੀ-ਰੇਖਾ (ਕੰਗਾਲੀ ਰੇਖਾ ਕਹਿਣਾ ਸ਼ਾਇਦ ਅਸੱਭਿਆ ਲਗੇ) ਤੋਂ ਹੇਠਾਂ ਰਹਿ ਰਹੇ ਲੋਕਾਂ ਦੀ ਗਿਣਤੀ ਵੀ ਸੁਖੀ ਸਾਂਦੀ 34 ਕਰੋੜ ਤੋਂ ਉਪਰ ਟੱਪ ਗਈ ਹੈ । ਗ਼ਰੀਬੀ ਰੇਖਾ ਤੋਂ ਉਪਰ ਉਹ ਲੋਕ ਆਉਂਦੇ ਹਨ ਜੋ ਰੋਟੀ ਪਾਣੀ, ਰਹਿਣ-ਸਹਿਣ, ਉਠਣ-ਬੈਠਣ, ਪੜ੍ਹਨ-ਪੜ੍ਹਾਉਣ ਆਦਿ ਉਤੇ, ਮਿਲਾਕੇ ਦੋ ਰੁਪਈਆਂ ਤੋਂ ਵਧ ਖਰਚਦੇ ਹਨ...?

(ਸ) ਜਿਥੇ 800 ਲੱਖ ਬੱਚੇ ਪ੍ਰਾਇਮਰੀ ਸਕੂਲਾਂ ਵਿਚ ਪੜ੍ਹਦੇ ਹਨ ਪਰ ਦਸਵੀਂ ਤੋਂ ਅਗੇ 80 ਲੱਖ ਵੀ ਨਹੀਂ ਟਪਦੇ...??

(ਹ) ਇਹਨਾਂ ਪ੍ਰਾਇਮਰੀ ਸਕੂਲ ਦੇ ਅੱਠ ਕਰੋੜ ਬੱਚਿਆਂ ਦੀ ਹੋਰ 'ਵਧੇਰੇ' ਬੇਹਤਰੀ ਖਾਤਰ ਬਜਟ ਵਿਚ ਐਸ਼ਤਨ 180 ਕਰੋੜ ਰੁਪਏ ਸਾਲਾਨਾ ਦੀ 'ਖ਼ਾਸ' ਗੁੰਜਾਇਸ਼ ਰਖੀ ਗਈ ਹੈ ਜੋ ਇਕ ਆਨਾ ਪ੍ਰਤੀ ਬੱਚਾ ਪ੍ਰਤੀ ਦਿਨ ਬੈਠਦੀ ਹੈ ।

(ਕ) ਸਾਡੇ ਦੇਸ਼ ਵਿਚ ਪਹਿਲੀ ਜਨਵਰੀ 1979 ਵਾਲੇ ਦਿਨ ਸਿਰਫ਼ 14333333 ਵਿਅਕਤੀ ਬੇਰੁਜ਼ਗਾਰ ਸਨ, ਜਿਨ੍ਹਾਂ ਆਪਣੇ ਨਾਉਂ ਰੁਜ਼ਗਾਰ ਦਫਤਰਾਂ ਵਿਚ ਦਰਜ ਕਰਵਾਏ ਹੋਏ ਸਨ......ਅਤੇ ਜਿਨ੍ਹਾਂ ਨਾਉਂ ਹੀ ਦਰਜ ਨਹੀਂ ਹੁਨ ਕਰਵਾਏ...ਜਾਂ ਦਰਜ ਕਰਾਉਣ ਮਗਰੋਂ ਹਾਰ ਹੰਭ ਕੇ ਕਟਵਾ ਲਏ ਹੋਣ...ਉਹਨਾਂ ਦੀ ਗਿਣਤੀ ਦਾ ਅੰਦਾਜ਼ਾ ਲਾਉਣਾ ਕੋਈ ਮੁਸ਼ਕਿਲ ਨਹੀਂ । ...ਹਾਲੇ ਤਾਂ ਸ਼ੁਕਰ ਹੈ ਕਿ ਸਾਡੇ ਮਹਾਨ ਦੇਸ਼ ਵਿਚ 17-23 ਸਾਲ ਦੀ ਉਮਰ ਦਿਆਂ 25 ਨੌਜਵਾਨਾਂ ਵਿਚੋਂ 24 ਨੌਜਵਾਨਾਂ ਨੂੰ ਕਦੇ ਯੂਨੀਵਰਸਿਟੀ ਜਾਂ ਕਾਲਜ ਦੀ ਪੜ੍ਹਾਈ ਕਰਨੀ ਹੀ ਨਸੀਬ ਨਹੀਂ ਹੁੰਦੀ ਵਰਨਾ ਸਾਡੀ ਮਾਤਰ-ਭੂਮੀ ਦਾ ਨਾਉਂ, ਭਾਰਤ ਵਰਸ਼ ਦੀ ਜਗ੍ਹਾ ਸ਼ਾਇਦ 'ਬੇਕਾਰ ਵਰਸ਼' ਹੀ ਪੈ ਗਿਆ ਹੁੰਦਾ...???

(ਖ) ਦੇਸ਼ ਵਿਚ 'ਸਾਡੇ' ਮਹਾਨ ਲੀਡਰਾਂ ਦੇ ਕਹਿਣ ਮੁਤਾਬਕ ਤਾਂ ਭਾਵੇਂ 50 ਫੀ ਸਦੀ ਲੋਕ ਹੀ ਗਰੀਬੀ ਰੇਖਾਂ ਤੋਂ ਹੇਠਾਂ ਰਹਿੰਦੇ ਹਨ ਮਗਰ ਅਸਲੀਅਤ ਵਿਚ ਬਾਕੀ 50 ਫੀ ਸਦੀ ਵਿਚੋਂ ਵੀ 49 ਫੀ ਸਦੀ ਨੂੰ ਇਹ ਭੁਲੇਖਾ ਹੀ ਹੈ ਕਿ ਉਹ ਗਰੀਬੀ ਰੇਖਾ ਤੋਂ ਉਪਰ ਰਹਿੰਦੇ ਹਨ । ਸੱਚ ਜਾਣੋਂ ਤਾਂ ਸਾਡੇ ਦੇਸ਼ ਵਿਚ 1 ਫੀ ਸਦੀ ਵੀ ਲੋਕ ਅਮੀਰ ਨਹੀਂ ਹਨ ਜੋ ਹੇਠਲਿਆਂ ਅੰਕੜਿਆਂ ਤੋਂ ਪ੍ਰਤੱਖ ਨਜ਼ਰ ਆ ਜਾਵੇਗਾ :-

(1) ਅਗਰ ਸਕੂਟਰ ਰਖਣ ਵਾਲੇ ਆਦਮੀ/ਔਰਤ ਨੂੰ ਹੀ ਅਮੀਰ ਵਜੋਂ ਮਿਥ ਲਿਆ ਜਾਏ ਤਾਂ ਸਾਡੇ ਦੇਸ਼ ਵਿਚ ਕਾਰਾਂ/ਮੋਟਰਾਂ, ਸਕੂਟਰਾਂ/ਮੋਟਰ ਸਾਈਕਲਾਂ, ਟਰੱਕਾਂ/ਬੱਸਾਂ, ਟੈਂਪੂਆਂ/ਟਰੈਕਟਰਾਂ ਦੀ ਗਿਣਤੀ ਕੁਲ ਮਿਲਾ ਕੇ ਵੀ 40 ਲੱਖ ਨਹੀਂ ਬਣਦੀ ਮਸਾਂ ½ ਫੀ ਸਦੀ !

(2) ਸੰਨ 1980 ਤੀਕ ਹਰ ਉਸ ਆਦਮੀ ਨੂੰ ਇਨਕਮ ਟੈਕਸ ਲਗ ਜਾਂਦਾ ਸੀ ਜਿਸ ਦੀ ਆਮਦਨ ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਹੁੰਦੀ ਸੀ । ਇਕ ਹਜ਼ਾਰ ਮਹੀਨਾ ਭਾਵ ਪੌਣੇ ਸੱਤ ਰੁਪਏ ਪ੍ਰਤੀ ਜੀ ਪ੍ਰਤੀ ਦਿਨ - ਅਗਰ 5 ਜੀਆਂ ਦਾ ਵੀ ਪਰਵਾਰ ਮਿੱਥ ਲਈਏ ! ਪੌਣੇ ਸੱਤ ਰੁਪਏ ਵਿਚ ਇਕ ਆਦਮੀ ਦੋ ਡੰਗ ਰੋਟੀ, ਦੋ ਡੰਗ ਚਾਹ ਵਗੈਰਾ ਖਾ ਕੇ ਕਪੜੇ-ਲੀੜੇ, ਕਿਰਾਏ-ਭਾੜੇ, ਗਮੀ-ਖੁਸ਼ੀ, ਕੁੜਮਾਈ-ਸ਼ਾਦੀ ਆਦਿ

ਕਿਸੇ ਨੂੰ ਵੀ ਭੁਲਿਆ ਹੋਇਆ ਨਹੀਂ ? ਅਗੇਰ ਇਨਕਮ ਟੈਕਸ ਭਰਨ ਵਾਲਿਆਂ ਨੂੰ ਹੀ ਅਮੀਰ ਮਿੱਥ ਲਈਏ ਤਾਂ ਇਹਨਾਂ ਦੀ ਗਿਣਤੀ ਵੀ 40 ਲੱਖ ਤੋਂ ਨਹੀਂ ਟੱਪਦੀ...ਅੱਧਾ ਫੀ ਸਦੀ !!

(3) ਅਗਰ ਅਖਬਾਰ ਖਰੀਦਣ ਵਾਲੇ ਨੂੰ ਹੀ 'ਰਈਸ' ਮੰਨ ਲਿਆ ਜਾਵੇ ਤਾਂ ਅਜਿਹੀਆਂ ਔਰਤਾਂ/ ਮਰਦਾਂ ਦੀ ਗਿਣਤੀ ਵੀ ਮਸਾਂ ਡੂਢ ਫੀ ਸਦੀ ਬਣਦੀ ਹੈ !!!

* ਤੇ ਇਹ ਸਭ ਕਿਉਂ ?

ਅਜ ਸਾਡਾ ਦੇਸ਼ ਗਰੀਬ ਨਹੀਂ ਹੈ ਅਤੇ ਜੋ ਅਜਿਹਾ ਕਹਿੰਦੇ ਹਨ ਉਹ ਕੇਵਲ ਬਕਵਾਸ ਕਰਦੇ ਹਨ। ਅਜ ਬੇਸ਼ਕ ਸਾਡੇ ਦੇਸ਼ ਵਿਚ ਤਿਗੁਣੇ ਚੌਲ, ਚੌਗੁਣਾ ਕੋਲਾ, ਪੰਜ ਗੁਣਾ ਕਪੜਾ, ਛੇ ਗੁਣਾ ਕਣਕ, ਸੱਤ ਗੁਣਾ ਘਿਉ, ਅੱਠ ਗੁਣਾ ਖੰਡ, ਨੌਂਗੁਣਾ ਆਲੂ, ਦਸ ਗੁਣਾ ਕਾਗਜ਼ ਬਾਰਾਂ ਗੁਣਾ ਲੋਹਾ, ਪੰਦਰਾਂ ਗੁਣਾ ਰਬੜ, ਪੰਜਾਹ ਗੁਣਾ ਐਲਮੀਨੀਅਮ, ਸੱਠ ਗੁਣਾ ਬਿਜਲੀ, ਪਝੱਤਰ ਗੁਣਾ ਪੈਟ੍ਰੋਲ, ਦੋ ਸੌ ਗੁਣਾ ਖਾਦ, ਪੰਜ ਸੌ ਗੁਣਾ ਮਸ਼ੀਨੀ ਸੰਦ (Engg Goods) ਪੈਦਾ ਹੋ ਰਹੇ ਹਨ ਪਰ ਫਿਰ ਵੀ ਦੇਸ਼ ਵਿਚ ਮਹਿੰਗਾਈ ਅਤੇ ਭਖ-ਮਰੀ ਕਿਉਂ ਵਧਦੀ ਜਾ ਰਹੀ ਹੈ...? ਇਸ ਦੇ ਮੋਟੇ ਮੋਟੇ ਛੇ ਕਾਰਣ ਹੇਠਾਂ ਲਿਖ ਰਿਹਾ ਹਾਂ। ਪਿਛਲੇ ਇਤਿਹਾਸ ਵਾਂਗੂੰ ਇਹ ਵੀ ਸਾਡੀ ਭੈੜੀ ਸਿਆਸਤ ਕਰਕੇ ਹਨ।

1 ਆਰਥਕਤਾ ਤੇ ਸਰਮਾਏਦਾਰੀ ਦੀ ਜਕੜ

ਸਾਡੇ ਦੇਸ਼ ਵਿਚ ਸੀਮੈਂਟ, ਸਟੀਲ, ਜੁੱਤੀ-ਕਪੜੇ, ਖੰਡ-ਘਿਉ, ਰੰਗ-ਰੋਗਨ, ਸੋਨੇ-ਚਾਂਦੀ, ਸਾਈਕਲ — ਮਸ਼ੀਨਾਂ ਆਦਿ ਸਭ ਦੀਆਂ ਸਭ ਮਹੱਤਵ ਪੂਰਣ ਵਸਤੂਆਂ ਉਪਰ ਅਜਾਰੇਦਾਰੀ (Mono polist) ਦਾ ਕੰਟਰੋਲ ਹੈ। ਕਹਿਣ ਨੂੰ ਸਰਕਾਰਾਂ ਬੇਸ਼ਕ ਅਸੀਂ ਬਣਾਉਂਦੇ ਰਹੇ ਹਾਂ ਪਰ ਅਸਲ ਵਿਚ ਸੇਵਾ ਇਹਨਾਂ ਮੁੱਠੀ ਭਰ ਧਨ-ਕੁਬੇਰਾਂ ਦੀ ਹੀ ਕੀਤੀ ਹੈ। ਇਹ ਸੇਵਾ ਕਰਦੇ ਵਕਤ ਉੱਚ-ਅਫਸਰਸ਼ਾਹੀ ਨੇ ਵੀ ਚੰਗੇ ਗੱਫੇ ਛੱਕੇ ਹਨ ਪਰ ਅਜਾਰੇਦਾਰੀ ਦੇ ਮੁਕਾਬਲੇ ਇਹ ਬੇਮਮੂਲੀ ਹੀ ਜਾਪਦੇ ਹਨ। ਹੇਠਲੇ ਸਰਕਾਰੀ ਅੰਕੜੇ ਵੇਖੋ ਕੀ ਪਏ ਕਹਿੰਦੇ ਹਨ :—

| ਕੰਪਨੀ | 1951 | 1976 |
|---|---|---|
| ਜਾਇਦਾਦ ਕਰੋੜਾਂ ਵਿਚ | | |
| 1. ਟਾਟਾ | 116 | 1138 |
| 2. ਬਿਰਲਾ | 104 | 1122 |
| 3. ਜੇ.ਕੇ. ਸਿੰਘਾਨੀਆਂ | 29 | 245 |
| 4. ਸ੍ਰੀਰਾਮ | 12 | 271 |
| 5. ਮਹਿੰਦਰਾ ਮਹਿੰਦਰਾ | 1 | 125 |
| 6. ਕਿਰਲੋਸਕਰ | 2 | 180 |
| ਕੰਪਨੀ | 1964 | 1976 |
| 7. ਮੋਦੀ | 21 | 190 |
| 8. ਐਸਕੋਰਟਸ | 7 | 117 |
| 9. ਯੂਨੀਅਨ-ਕਾਰਬਾਈਡ | 16 | 118 |
| 10. ਬਜਾਜ | 29 | 148 |
| ਕੰਪਨੀ | 1972 | 1976 |
| 11. ਡੰਨਲੋਪ | 105 | 173 |
| 12. ਅਸ਼ੋਕ ਲੇਲੈਂਡ | 35 | 151 |

ਹੁਣ ਤਾਂ ਤੁਹਾਨੂੰ ਪਤਾਂ ਲਗ ਹੀ ਗਿਆ ਹੋਵੇਗਾ ਕਿ ਸਟੀਲ, ਸੀਮੈਂਟ, ਸਾਈਕਲ-ਮਸ਼ੀਨਾਂ, ਜੁੱਤੀ-ਕਪੜਾ, ਪੰਪ-ਇੰਜਣ, ਮੋਟਰਾਂ-ਟਰੱਕ, ਟਾਇਰ-ਟਿਊਬਾਂ, ਸੈਲ-ਬੈਟਰੀਆਂ, ਟਰਾਲੀਆਂ-ਟਰੈਕਟਰ ਕੌਣ ਮਹਿੰਗੇ ਕਰਦਾ ਹੈ......??

2. ਕਿਸਾਨੀ ਦੀ ਲੁਟੇ

ਇਕ ਪਾਸੇ ਅਜਾਰੇਦਾਰੀ ਆਪਣੀਆਂ ਵਸਤੂਆਂ ਮਹਿੰਗੇ ਭਾਅ ਵੇਚਦੀ ਹੈ, ਦੂਜੇ ਪਾਸੇ ਕਿਸਾਨਾਂ ਨੂੰ ਫਸਲਾਂ ਦੀਆਂ ਨਾਂ-ਮਾਤਰ ਕੀਮਤਾਂ ਦਿਤੀਆਂ ਜਾਂਦੀਆਂ ਹਨ। ਪਿਛਲੇਰੇ ਸਾਲ ਗੰਨਾ ਚਾਰ ਰੁਪਏ ਕਵਿੰਟਲ ਵਿਕ ਗਿਆ ਸੀ ਪਰ ਖੰਡ ਬਾਰਾਂ ਰੁਪਏ ਕਿਲੋ ਵੀ ਨਹੀਂ ਸੀ ਲਭਦੀ...? ਨਰਮਾ-ਕਪਾਹ, ਰਾਮਪੁਰਾ ਫੂਲ, ਡੱਬਵਾਲੀ, ਗਿੱਦੜਬਾਹਾ, ਮਲੋਟ, ਮੁਕਤਸਰ, ਬਠਿੰਡਾ ਆਦਿ ਦੀਆਂ ਗਲੀਆਂ ਬਜ਼ਾਰਾਂ ਵਿਚ ਰੁਲਦੀ ਰਹਿੰਦੀ ਹੈ ਮਗਰ ਕਪੜਾ ਹੱਥ ਨਹੀਂ ਹੈ ਲਾਉਣ ਦਿੰਦਾ...ਜਿਮੀਂਦਾਰਾਂ ਪਿਛਲੇ ਸਾਲ ਕਣਕ ਦੇ 117 ਰੁਪਏ ਵੀ ਰੋਂਦਿਆਂ-ਪਿੱਟਦਿਆਂ ਦਿਤੇ ਗਏ ਸਨ ਪਰ ਪਟਿਆਲੇ ਵਿਚ ਆਟਾ 217 ਰੁਪਏ ਵਿਕਦਾ ਰਿਹਾ ਸੀ। ਹੁਣ ਕਣਕ ਬਾਹਰੋਂ 220 ਰੁਪਏ ਦੇ ਭਾਅ ਦੀ ਮੰਗਾਈ ਗਈ ਹੈ। ਕਿਸਾਨਾਂ ਨੇ ਦੁੱਧ ਦੀ ਕੀਮਤ ਧੇਲੀ ਕਿਲੋ ਮਗਰ ਵੀ ਨਹੀਂ ਹੈ ਵਧਾਈ ਮਗਰ ਮਿਲ੍ਕ ਫੂਡ (ਪਟਿਆਲਾ) ਅਤੇ ਵੇਰਕਾ (ਅੰਮ੍ਰਿਤਸਰ) ਅਤੇ ਹੋਰ ਸਰਕਾਰੀ-ਪ੍ਰਾਈਵੇਟ ਘਿਉ ਮਿੱਲਾਂ ਨੇ ਘਿਉ 30 ਤੋਂ 45 ਰੁਪਏ ਕਰ ਦਿਤਾ ਹੈ ..?

3. ਮਜ਼ਦੂਰਾਂ ਦੀ ਲੁਟ ?

ਲੁਟਿਆ ਸਿਰਫ ਕਿਸਾਨਾਂ ਨੂੰ ਹੀ ਨਹੀਂ ਹੈ ਜਾਂਦਾ, ਮਜ਼ਦੂਰਾਂ ਦੀ ਵੀ ਭਾਰੀ ਲੁਟ ਕੀਤੀ ਜਾਂਦੀ ਹੈ। ਖੁਦ 'ਕਾਂਗਰਸੀ ਮਹਿੰਗਾਈ-ਅੰਕ' ਦਸਦਾ ਹੈ ਕਿ 1970-71 ਦੇ ਮੁਕਾਬਲੇ ਮਹਿੰਗਾਈ ਤਿਗੁਣੀ ਹੋ ਚੁਕੀ ਹੈ ਪਰ ਕਿਸੇ ਫੈਕਟਰੀ-ਮਜ਼ਦੂਰ ਦੀ ਤਨਖਾਹ 5 ਰੁਪਏ

ਤੋਂ 15 ਰੁਪਏ ਰੋਜ਼ਾਨਾ ਨਹੀਂ ਹੈ ਹੋਈ...?

ਪਿਛਲੇ ਕੁਝ ਸਾਲਾਂ ਦੌਰਾਨ ਸਰੀਆ ਡੇਢ ਸੌ ਤੋਂ ਤਿੰਨ ਸੌ ਰੁਪਏ...ਤਿੰਨ ਸੌ ਤੋਂ ਸਾਢੇ ਚਾਰ ਸੌ... ਸਾਢੇ ਚਾਰ ਸੌ ਤੋਂ ਛੇ ਸੌ ਰੁਪਏ ਕਵਿੰਟਲ ਹੋ ਗਿਆ ਹੈ ਪਰ ਜੱਟਾਂ ਦੀ ਕਣਕ 100 ਤੋਂ 150...150 ਤੋਂ ਸਵਾ ਦੋ ਸੌ...ਸਵਾ ਦੋ ਸੌ ਤੋਂ ਪੌਣੇ ਚਾਰ ਸੌ ਰੁਪਏ ਕਵਿੰਟਲ ਕਿਉਂ ਨਹੀਂ ਹੈ ਹੋਈ...? ਕਿਸੇ ਮਜ਼ਦੂਰ ਦੀ ਦਿਹਾੜੀ 8 ਰੁਪਏ ਤੋਂ 12 ਰੁਪਏ...12 ਰੁਪਏ ਤੋਂ 18 ਰੁਪਏ ਅਤੇ 18 ਰੁਪਏ ਤੋਂ 27 ਰੁਪਏ ਕਿਉਂ ਨਹੀਂ ਹੈ ਹੋਈ...?? ਕਿਸੇ ਬਾਬੂ-ਮੁਣਸ਼ੀ ਦੀ ਤਨਖਾਹ 500 ਤੋਂ 750, ਸਾਢੇ ਸੱਤ ਸੌ ਤੋਂ ਸਵਾ ਗਿਆਰਾਂ ਸੌ...ਅਤੇ ਸਵਾ ਗਿਆਰਾਂ ਸੌ ਤੋਂ ਪੌਣੇ ਸੋਲਾਂ ਸੌ ਕਿਉਂ ਨਹੀਂ ਹੈ ਹੋਈ ..???

ਅੰਤੁਲੇ ਸਹਿਬ ਨੇ 25 ਵਾਲੀ ਸੀਮੈਂਟ ਦੀ ਬੋਰੀ 125 ਨੂੰ ਵਿਕਵਾ ਦਿਤੀ ਹੈ, ਕਿਸੇ ਜੱਟ ਦਾ ਝੋਨਾ 100 ਦੀ ਜਗ੍ਹਾ 500 ਦਾ ਕਿਉਂ ਨਹੀਂ ਵਿਕਵਾ ਦਿਤਾ...?

...ਕਿਸੇ ਜੇ.ਬੀ.ਟੀ. ਅਧਿਆਪਕ ਨੂੰ 500 ਦੀ ਜਗ੍ਹਾ 2500 ਰੁਪਏ ਤਨਖਾਹ ਕਿਉਂ ਨਹੀਂ ਹੈ ਦਵਾ ਦਿਤੀ...??

### 4. 85000000000 ਦੀ ਬਰਾਮਦ

ਅਜ ਸਾਡੇ ਮੁਲਕ ਦੀ ਹਰ ਸ਼ੈਅ ਬਾਹਰ ਭੇਜੀ ਜਾ ਰਹੀ ਹੈ। ਗਰਮ-ਮਸਾਲੇ, ਦਰੀਆਂ-ਦੁਸ਼ਾਲੇ, ਅੰਬ ਤੇ ਅੰਗੂਰ, ਬਾਂਦਰ ਤੇ ਲੰਗੂਰ...ਵਧੀਆ ਜੈਕਟ, ਸਿਗ-ਰਟਾਂ ਦੇ ਪੈਕਟ... ਪਟਸਨ-ਚਾਹ, ਕਣਕ-ਕਪਾਹ.... ਚਾਂਦੀ ਤੇ ਸੋਨਾ ..ਲਕਸ ਤੇ ਰੈਕਸੋਨਾ... ਅੰਬ ਤੇ ਅਨਾਰ, ਮੁਰੱਬੇ ਤੇ ਅਚਾਰ... ਰੇਸ਼ਮ ਤੇ ਜੀਨਾਂ, ਸਾਈਕਲ ਤੇ ਮਸ਼ੀਨਾਂ...ਆਲੂ ਤੇ ਸਿਉ, ਦੁੱਧ ਤੇ ਘਿਉ ..ਪਾਪੜ-ਵੜੀਆਂ-ਦਾਲ, ਬੱਲੇ-ਗੇਂਦਾਂ ਤੇ ਫੁਟਬਾਲ, ਡੱਡੀਆਂ-ਮੱਛੀਆਂ, ਖੁੰਭਾਂ ਤੇ ਪੱਦ ਪੇੜੇ, ਸ਼ਾਇਦ ਹੀ ਕੋਈ ਐਸੀ ਚੀਜ਼ ਹੋਵੇ ਜਿਹੜੀ ਇਹ ਬਾਹਰ ਨਾ ਭੇਜਦੇ ਹੋਣ! ਸਾਲ 1980-81 ਵਿਚ 85 ਅਰਬ ਦੀਆਂ ਵਸਤੂਆਂ ਬਾਹਰ ਭੇਜੀਆਂ ਜਾ ਰਹੀਆਂ ਹਨ। ਗਰੀਬੀ ਪੱਧਰ ਤੇ ਰਹਿਣ ਵਾਲੇ 12 ਕਰੋੜ ਹਿੰਦੁਸਤਾਨੀ, ਸਾਰੇ ਸਾਲ ਦੌਰਾਨ ਐਨਾ ਧੰਨ ਰੋਟੀ-ਪਾਣੀ, ਰਹਿਣੀ-ਸਹਿਣੀ ਅਤੇ ਗਮੀ-ਖੁਸ਼ੀ ਤੇ ਨਹੀਂ ਹਨ ਖਰਚਦੇ...!! ਜਦੋਂ ਜਹਾਜ਼ਾਂ ਦੇ ਜਹਾਜ਼ ਖੰਡ, ਚਾਹ, ਰੇਸ਼ਮ, ਕਪਾਹ, ਪਟਸਨ, ਲੋਹਾ, ਚੌਲ ਤੇ ਮੱਛੀਆਂ, ਬੂਟਾਂ-ਸੂਟਾਂ ਦੇ ਬਾਹਰ ਜਾਣਗੇ ਤਾਂ ਫਿਰ ਆਪਣੇ ਮੁਲਕ ਵਿਚ ਹਾਹਾਕਾਰ ਮੱਚਣੀ ਅਵੱਸ਼ ਗਲ ਹੈ...

### 5. ਬਲੈਕੀਆਂ ਦੇ ਏਜੰਟ...?

ਕੁਝ ਤਾਂ ਮਹਿੰਗਾਈ, ਭਾਰੀ ਐਕਸਪੋਰਟ ਕਾਰਨ ਹੁੰਦੀ ਹੈ ਤੇ ਰਹਿੰਦੀ-ਖੂੰਹਦੀ ਕਸਰ ਸਾਡੇ ਦੇਸ਼ ਦੇ ਕੋਈ 1500 ਕੁ ਸੌ ਧਨਾਡ ਵਪਾਰੀ ਅਤੇ ਡੇਢ ਕੁ ਸੌ ਮੋਟੇ ਕਾਰਖਾਨੇਦਾਰ ਪੂਰੀ ਕਰ ਦਿੰਦੇ ਹਨ...ਤੇ ਸਾਡੀ ਸਰਕਾਰ ਇਹਨਾਂ ਬਲੈਕ ਮਾਰਕੀਟੀਆਂ ਨੂੰ ਕਦੇ ਵੀ ਗ੍ਰਿਫਤਾਰ ਨਹੀਂ ਹੈ ਕਰਦੀ...? ਸੈਂਕੜੇ ਫਰਮਾਂ, ਹਰ ਮਹੀਨੇ ਬੋਗਸ ਫੜੀਆਂ ਜਾਂਦੀਆਂ ਹਨ – ਕੋਟੇ ਬਲੈਕ ਵਿਚ ਵੇਚਣ ਵਾਲੀਆਂ, ਪਰ ਕਦੇ ਕਿਸੇ ਅਜਿਹੀ ਫਰਮ ਦੇ ਮਾਲਕ ਦਾ ਐਡਰੈਸ ਪੜ੍ਹਿਆ ਜੇ ਅਖਬਾਰਾਂ ਵਿਚ...? ਕਦੇ ਸਜ਼ਾ ਹੁੰਦੀ ਸੁਣੀ ਜੇ ਇਹਨਾਂ ਫਰਮਾਂ ਵਾਲਿਆਂ ਨੂੰ...ਕੋਈ ਹਮਾਤੜ ਮੁਲਾਜ਼ਮ ਦਸ ਰੁਪਏ ਵੀ ਲੈਂਦਾ ਫੜਿਆ ਜਾਏ ਤਾਂ ਉਸ ਦੀਆਂ ਤਿੰਨ ਪੁਸ਼ਤਾਂ ਦੀ ਛਾਣ ਬੀਣ ਕਰਕੇ, ਪਹਿਲੇ ਸਫ਼ੇ ਤੇ ਖਬਰਾਂ ਲਵਾ ਦਿਤੀਆਂ ਜਾਂਦੀਆਂ ਹਨ ਪਰ ਕਦੇ ਕਿਸੇ ਬਲੈਕ ਮਾਰਕੀਟੀਏ ਦਾ ਨਾਉਂ ਵੀ ਪੜ੍ਹਿਆ ਜੇ ਅਖਬਾਰਾਂ ਵਿਚ...?

ਪਰ ਤੁਸੀਂ ਸੋਚੋਗੇ ਆ ਜਿਹੜੇ ਕਦੇ-ਕਦੇ ਛਾਪੇ ਵਜਦੇ ਹਨ ਉਹ ਬਿਲਕੁਲ ਫਰਾਡ ਹੀ ਹੁੰਦੇ ਹਨ...?

ਹਾਂ! ਬਿਲਕੁਲ ਆਈ-ਵਾਸ਼! ਅੱਖੀਂ ਘੱਟਾ ਪਾਉਣ ਸਮਾਨ ਜਿਵੇਂ ਸਾਡੇ 'ਸੋਬਰ' ਮੁੱਖ-ਮੰਤਰੀ ਸਹਿਬਾਨ ਨੇ 21-9-1930 ਨੂੰ ਪੰਜਾਬੀ ਟਰਬਿਊਨ ਦਸਿਆ ਸੀ...।

### 6. ਅਯੋਜਨਾ ਬੰਦੀ ਅਤੇ ਦੁਰਪ੍ਰਬੰਧ

ਭਾਰਤ ਗ਼ਰੀਬ ਨਹੀਂ ਹੈ। ਜੇ ਅਜ ਅਸੀਂ ਗ਼ਰੀਬ ਹਾਂ ਤਾਂ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ, ਭੈੜੀ ਯੋਜਨਾ ਅਤੇ ਭੈੜੇ ਪ੍ਰਬੰਧ ਕਰਕੇ ਹਾਂ। ਸਾਡੇ ਦੇਸ਼ ਵਿਚ ਵਸੀਲਿਆਂ ਦੀ ਘਾਟ ਨਹੀਂ। ਅਜ ਅਸੀਂ ਇਸ ਕਰਕੇ ਭੁਖੇ ਨਹੀਂ ਕਿ ਸਾਡੇ ਅਨਾਜ ਦੀ ਕਮੀ ਹੈ। ਇਸ ਕਰਕੇ ਨੰਗੇ ਨਹੀਂ ਕਿ ਸਾਡੇ ਕਪੜੇ ਦੀ ਕਮੀ ਹੈ। ਸਾਡੇ ਦੇਸ਼ ਵਿਚ ਅਣਗਿਣਤ ਪਾਣੀ ਦੇ ਸੋਮੇਂ ਮੌਜੂਦ ਹਨ ਜਿਨਾਂ ਨੂੰ ਵਰਤਕੇ ਬੇਅੰਤ ਸ਼ਕਤੀ ਪੈਦਾ ਕਰ ਸਕਦੇ ਹਾਂ। ਬਿਜਲੀ ਸ਼ਕਤੀ ਨਾਲ ਸੈਂਕੜੇ ਨਹੀਂ ਹਜ਼ਾਰਾਂ,...... ਹਜ਼ਾਰਾਂ ਨਹੀਂ ਬਲਕਿ ਲੱਖਾਂ ਛੋਟੇ ਵੱਡੇ ਕਾਰਖਾਨੇ ਚਲਾਏ ਜਾ ਸਕਦੇ ਹਨ। ਅਸੀਂ ਕੰਗਾਲ ਇਸ ਲਈ ਹਾਂ ਕਿਉਂਕਿ ਸਾਡੇ ਕੁੱਥਾ ਪਰਵਰ ਨੇਤਾ ਟਾਟਿਆਂ ਬਿਰਲਿਆਂ ਦੇ ਏਜੰਟ ਹਨ ਅਤੇ ਉਹਨਾਂ ਦੀ ਸਾਰੀ ਯੋਜਨਾ ਬੰਦੀ ਉਹਨਾਂ ਦੇ ਮੁਫਾਦ ਖ਼ਾਤਿਰ ਹੀ ਹੈ।

ਇਸ ਸਭ ਕੁਝ ਦੀ ਤਕਲੀਫ ਕਿਸ ਨੂੰ ਹੈ? ਸਾਨੂੰ ਹੈ, ਹੋਰ ਕਿਸੇ ਨੂੰ ਨਹੀਂ। ਇਤਹਾਸ ਦਸਦਾ ਹੈ ਜਦੋਂ ਰਾਜਿਆਂ ਦੀ ਨੀਤੀਆਂ ਮਾੜੀਆਂ ਹੋਣ ਤਾਂ ਮੁਸੀਬਤਾਂ ਦਾ ਬਹੁਤਾ ਭਾਰ ਆਮ ਲੋਕਾਂ ਨੂੰ ਹੀ ਝਲਣਾ ਪੈਂਦਾ ਹੈ। ਅਜ ਖਦਰਪੋਸ਼ ਹਾਕਮਾਂ ਨੂੰ ਤਾਂ ਕੋਈ ਤਕਲੀਫ ਨਹੀਂ, ਪਰ ਕਚੈਹਰੀਆਂ ਵਿਚ ਕਿਨਾਂ ਦੇ ਰਿਸ਼ਤੇਦਾਰ ਪਏ ਰੁਲਦੇ ਹੁੰਦੇ...? ਸੁਧਾਰ ਘਰਾਂ ਵਿਚ ਮਾਵਾਂ-ਭੈਣਾਂ ਕਿਨ੍ਹਾਂ ਦੀਆਂ

ਨਲੀਆਂ ਜਾਂਦੀਆਂ ਹਨ...?

ਹਸਪਤਾਲਾਂ ਵਿਚ ਕਿਨ੍ਹਾਂ ਨੂੰ ਗਧੀ-ਗੇੜਾਂ ਵਿਚ ਪਾਇਆ ਜਾਂਦਾ ਹੈ...?

ਚੰਗੇਰੇ ਸਕੂਲਾਂ ਵਿਚ ਬੱਚੇ ਦਾਖਲ ਕਰਾਉਣ ਖਾਤਰ ਕਿਨ੍ਹਾਂ ਨੂੰ ਮਾਰੇ-ਮਾਰੇ ਫਿਰਨਾ ਪੈਂਦਾ ਹੈ...?

ਦਫ਼ਤਰਾਂ ਵਿਚ ਕਿਨ੍ਹਾਂ ਦੀਆਂ ਐਪਲੀਕੇਸ਼ਨਾਂ ਹੀ ਗੁੰਮ ਹੋ ਜਾਂਦੀਆਂ ਹਨ...?

ਵਿਹਲੇ ਅਫ਼ਸਰ ਕਿਨ੍ਹਾਂ ਨੂੰ ਝਵੀਆਂ ਲੈ ਲੈ ਪੈਂਦੇ ਰਹਿੰਦੇ ਹਨ...?

ਚੋਣਾਂ ਵਿਚ ਕਿਨਾਂ ਨੂੰ ਅਮੂਮਨ ਮੂਰਖ ਬਣਾਇਆ ਜਾਂਦਾ ਹੈ...?

159 ਰੁਪਏ ਕਵਿੰਟਲ ਆਉਣ ਵਾਲਾ ਸਰੀਆ 600 ਰੁਪਏ ਕਵਿੰਟਲ ਕਿਨਾਂ ਦੀ ਸੇਵਾ ਖਾਤਰ ਚੜ੍ਹਾ ਦਿਤਾ ਗਿਆ — ਢਾਈ/ਤਿੰਨ ਸਾਲਾਂ ਅੰਦਰ ਹੀ।

25 ਰੁਪਏ ਵਾਲੀ ਸੀਮੈਂਟ ਦੀ ਬੋਰੀ ਖਾਤਰ 75 ਕਿਸਨੂੰ ਭਰਨੇ ਪੈਂਦੇ ਹਨ ? ਧੀਆਂ-ਭੈਣਾਂ ਦੀਆਂ ਸ਼ਾਦੀਆਂ ਵਕਤ 700 ਵਾਲਾ ਸੋਨਾ 1700 ਦਾ ਕਿਸਨੂੰ ਖਰੀਦਣਾ ਪੈਂਦਾ ਹੈ.. ?

ਮਿੱਟੀ ਦੇ ਤੇਲ, ਖੰਡ, ਪੈਟਰੋਲ, ਕੁਕਿੰਗ ਗੈਸ ਦੀ ਸ਼ਾਰਟੇਜ ਅਤੇ ਬਲੈਕ ਨੇ ਕਿਨਾਂ ਦੀ ਮਤ ਮਾਰ ਛਡੀ ਹੈ...?

ਸੜਕਾਂ ਤੇ ਚਲਦੇ ਵਕਤ ਹਰ ਵਕਤ ਸਹਿਮੇ-ਸਹਿਮੇ ਕੌਣ ਰਹਿੰਦੇ ਹਨ...?

ਸਟਵ ਦੇਵਤੇ ਦੀ ਕ੍ਰਿਪਾ ਕਿਨਾ ਪਰਵਾਰਾਂ ਤੇ ਅਕਸਰ ਹੁੰਦੀ ਰਹਿੰਦੀ ਹੈ ?

ਦਵਾਈਆਂ 'ਸਮਾਜਵਾਦੀ' ਰੇਟਾਂ ਤੇ ਕੌਣ ਖਰੀਦਦੇ ਹਨ...?

ਗੈਂਡੇ-ਗੈਂਡੇ ਜਿਡੇ ਮੱਛਰ ਕਿਨਾ ਨੂੰ ਪਿਆਰ ਕਰਦੇ ਹਨ...?

ਪਿਛਲੇ ਚਹੁੰ ਸਾਲਾਂ ਵਿਚ ਦੋ-ਦੋ ਤਿੰਨ-ਤਿੰਨ ਵੇਰ੍ਹਾਂ 'ਐਨਕ ਬਾਬੂ' ਕੌਣ ਬਣੇ ਹਨ...... ਹਾਲੇ ਤਾਂ ਅਮਰੀਕਾ ਨੇ ਨੀਊਟਰੋਨ ਬੰਬ ਬਣਾਇਆ ਹੀ ਹੈ.. ਜੇ ਕਿਤੇ ਚਲਾ ਦਿਤਾ ਫਿਰ ਤਾਂ ਘਰ ਘਰ ਸੂਰਦਾਸ ਹੀ ਹੋਣਗੇ।

ਇਹ ਸਭ ਕੁਝ ਅਸੀਂ ਹੀ ਸਹਿ ਰਹੇ ਹਾਂ, ਪਰ ਸਵਾਲ ਪੈਦਾ ਹੁੰਦਾ ਹੈ, ਇਹ ਸਭ ਕੁਝ ਕਦ ਤਕ ਜਾਰੀ ਰਹੇਗਾ ? ਜਦ ਤੀਕ ਚੇਤੰਨ ਲੋਕ ਇਕ ਮੁੱਠ ਹੋਕੇ ਇਸ ਪ੍ਰਬੰਧ ਦੇ ਖਿਲਾਫ ਆਵਾਜ਼ ਬੁਲੰਦ ਨਹੀਂ ਕਰਦੇ। ਜਦੋਂ ਇਹ ਨਾਅਰਾ 'ਵਿਦਿਆਰਥੀ-ਮੁਲਾਜ਼ਮ ਮਜ਼ਦੂਰ-ਕਿਸਾਨ ਏਕਤਾ' ਸਾਡੇ ਕੰਨਾਂ ਵਿਚ ਪਵੇ, ਤਾਂ ਸਾਨੂੰ ਸਮਝਣਾ ਚਾਹੀਦਾ ਹੈ ਕਿ ਇਹ ਸਾਡਾ ਹੀ ਨਾਅਰਾ ਹੈ। ਅਸੀਂ ਇਸ ਤੋਂ ਦੂਰ ਨਹੀਂ ਰਹਿ ਸਕਦੇ। ਸਾਨੂੰ ਪੁਕਾਰ-ਪੁਕਾਰ ਕੇ ਕਹਿਣਾ ਪਵੇਗਾ 'ਰੋਟੀ ਕਪੜਾ ਜੋ ਦੇ ਨਾ ਸਕੇ, ਵੋਹ ਸਰਕਾਰ ਨਿਕੰਮੀ ਹੈ; ਜੋ ਸਰਕਾਰ ਨਿਕੰਮੀ ਹੈ, ਵੋਹ ਸਰਕਾਰ ਬਦਲਣੀ ਹੈ। ਘਰ ਘਰ ਸਾਨੂੰ ਇਹ ਗੀਤ ਛੇੜਨਾ ਪਵੇਗਾ 'ਪਗੜੀ ਸੰਭਾਲ ਜੱਟਾ' ਪਗੜੀ ਸੰਭਾਲ ਓਏ, ਲੁਟ ਲਿਆ ਤੇਰਾ ਮਾਲ ਹਾਲ ਬੇਹਾਲ ਓਏ।

...ਤੇ ਇਸ ਦਾ ਮਤਲਬ ਹੈ ਸਾਨੂੰ ਸਿਆਸਤ ਵਿਚ ਕੁਦਣਾ ਪਵੇਗਾ। ਹਾਂ ਸਿਆਸਤ ਵਿਚ ਸਾਨੂੰ ਕੁਦਣਾ ਹੀ ਪਵੇਗਾ। ਇਸ ਵਿਚ ਸਾਡੇ ਗੁਰੂ ਪੈਗੰਬਰ ਵੀ ਕੁਦੇ ਸਨ।

ਕ੍ਰਿਸ਼ਨ-ਭਗਵਾਨ ਨੇ ਪਹਿਲਾਂ ਦਰਯੋਧਨ ਨੂੰ ਬੜਾ ਸਮਝਾਇਆ ਸੀ, ਐ ਦਰਯੋਧਨ ਮੈਂ ਪੂਰਾ ਹਿੰਦੁਸਤਾਨ ਨਹੀਂ ਹਾਂ ਮੰਗਦਾ। ਤੈਥੋਂ ਅਧਾ ਹਿੰਦੁਸਤਾਨ ਵੀ ਨਹੀਂ ਹਾਂ ਮੰਗਦਾ !! ਇਕ ਸੂਬਾ ਵੀ ਨਹੀਂ ਹਾਂ ਮੰਗਦਾ ! ਜ਼ਿਲਾ/ਤਸੀਲ ਵੀ ਨਹੀਂ ਹਾਂ ਮੰਗਦਾ !! ਤੂੰ ਪਾਡਵਾਂ ਨੂੰ ਸਿਰਫ ਪੰਜ-ਪਿੰਡ ਛੱਡ ਦੇ ਤਾਂ ਜੁ ਇਹ ਪੰਜੇ ਵੀ ਕਣਕ-ਜੌਂ ਬੀਜਕੇ ਆਪਣਾ ਗੁਜ਼ਾਰਾ ਕਰ ਸਕਣ" !!

ਪਰ ਜਦੋਂ ਹੰਕਾਰੀ ਦਰਯੋਧਨ ਨੇ ਪੰਜ ਪਿੰਡ ਵੀ ਛਡਣ ਤੋਂ ਇਨਕਾਰ ਕਰ ਦਿਤਾ ਤਾਂ 'ਗਊ-ਗੋਪਾਲ-ਗੋਵਾਰਧਨ ਦੀ ਰਕਸ਼ਾ ਕਰੋ' ਦਾ ਪ੍ਰਚਾਰ ਕਰਨ ਵਾਲੇ ਲਾਰਡ ਕ੍ਰਿਸ਼ਣ ਨੇ ਕਿਹਾ ਸੀ "ਐ ਅਰਜਨ ਹੁਣ ਤੂੰ ਯੁੱਧ ਕਰ ! ਇਹੋ ਹੀ ਤੇਰਾ ਧਰਮ ਹੈ ! ਇਹੋ ਹੀ ਉੱਚਾ ਕਰਮ ਹੈ !!

ਜਦੋਂ ਘਬਰਾਏ ਹੋਏ ਅਰਜਨ ਨੇ ਕਿਹਾ, "ਔਹ ਦਰੋਣਾ ਚਾਰਯ ਮੇਰਾ ਗੁਰੂ ਹੈ...ਮੈਂ ਆਪਣੇ ਗੁਰੂ ਤੇ ਵਾਰ ਨਹੀਂ ਹਾਂ ਕਰ ਸਕਦਾ ! ਮੇਰੇ ਰਿਸ਼ਤੇ-ਨਾਤੇ ਹਨ... ਮੈਂ ਉਨਾ ਤੇ ਵੀ ਹੱਥ ਨਹੀਂ ਹਾਂ ਚੁਕ ਸਕਦਾ" !! ਤਾਂ ਮਹਾਨਵਿਦਵਾਨ ਨੇ ਕਿਹਾ ਸੀ, 'ਐ ਅਰਜਨ, ਜਦੋਂ ਅਸੂਲਾਂ ਦੀ ਗਲ ਆ ਜਾਵੇ, ਹੱਕ-ਸੱਚ ਦੀ ਲੜਾਈ ਹੋਵੇ, ਉਸ ਵਕਤ ਰਿਸ਼ਤਿਆਂ-ਨਾਤਿਆਂ ਵਿਚ ਨਹੀਂ ਫਸੀਦਾ ! ਉਠ; ਤੂੰ ਮੋਹ-ਮਾਇਆ ਦੇ ਜਾਲ ਨੂੰ ਛਡ ਅਤੇ ਮੈਦਾਨ ਵਿਚ ਡੱਟ ਜਾ — ਇਹੋ ਹੀ ਤੇਰਾ ਧਰਮ ਹੈ ! ਇਹੋ ਹੀ ਉੱਚਾ ਕਰਮ ਹੈ !!

ਗੁਰੂ ਨਾਨਕ ਨੂੰ ਸਮੇਂ ਦਾ ਜ਼ੁਲਮ ਵੇਖਕੇ ਸਿਆਸਤ ਵਿਚ ਆਉਣਾ ਪਿਆ ਅਤੇ 'ਰਾਜੇ ਸ਼ੀਂਹ ਮੁਕਦਮ ਕੁਤੇ' ਵਰਗੀ ਸਖਤ ਜ਼ਬਾਨ ਸਮੇਂ ਦੇ ਹਾਕਮਾਂ ਵਿਰੁਧ ਵਰਤਨੀ ਪਈ। ਗੁਰੂ ਗੋਬਿੰਦ ਸਿੰਘ ਨੇ ਜ਼ੁਲਮ ਦੀ ਸਿਆਸਤ ਨੂੰ ਇਕ ਖਾੜਕੂ ਸਿਆਸਤ ਰਾਹੀਂ ਚਣੌਤੀ ਦਿਤੀ। ਅਜ ਵੀ ਅਸੀਂ ਸਹੀ ਸਿਆਸਤ ਨੂੰ ਜਾਣਕੇ ਹੀ ਇਸ ਝੂਠ ਦੇ ਪਸਾਰੇ ਵਾਲੀ ਸਿਆਸਤ ਨੂੰ ਚੈਲਿੰਜ ਕਰ ਸਕਦੇ ਹਾਂ, ਜਿਸਨੇ ਸਾਨੂੰ ਕੰਗਲਾ ਕਰ ਦਿਤਾ ਹੈ ਅਤੇ ਆਉਣ ਵਾਲੀਆਂ ਸਾਡੀਆਂ ਪੁਸ਼ਤਾਂ ਦਰ ਪੁਸ਼ਤਾਂ ਨੂੰ ਕਰਜ਼ੇ ਦੇ ਭਾਰ ਥਲੇ ਦਬ ਦਿਤਾ ਹੈ। ਸਿਆਸਤ ਸਾਡੀ ਜ਼ਿੰਦਗੀ ਹੈ ਅਸੀਂ ਇਸ ਤੋਂ ਦੂਰ ਨਹੀਂ ਰਹਿ ਸਕਦੇ। ਸਿਆਸਤ ਸਾਡਾ ਪਰਮ-ਧਰਮ ਹੈ।

# ਪਾਠਕ, ਲੇਖਕ ਫੋਰਮ

## 1. *ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ*

[ 22 ਅਪ੍ਰੈਲ, 1981 ਲੇਖਕਾਂ ਦੀ ਇਕ ਕਨਵੈਨਸ਼ਨ ਵਿਚ ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ ਦਾ ਜਨਮ ਹੋਇਆ। ਪੰਜਾਬ ਦੇ ਸਾਹਿਤਕ ਪਿੜ ਵਿਚ ਇਹ ਇਕ ਅਹਿਮ ਘਟਨਾ ਸੀ। ਇਸ ਸਾਹਿਤ ਸਭਾ ਵਲੋਂ 6 ਸਤੰਬਰ 1981 ਦੇਸ਼ ਭਗਤ ਹਾਲ, ਜਲੰਧਰ ਵਿਖੇ ਸਾਹਿਤ ਤੇ ਰਾਜਨੀਤੀ ਦੇ ਸਬੰਧ ਬਾਰੇ ਇਕ ਗੋਸ਼ਟੀ ਕੀਤੀ ਗਈ। ਗੋਸ਼ਟੀ ਵਿਚ ਇਸ ਵਿਸ਼ੇ ਤੇ ਇਕ ਪੇਪਰ ਪੜ੍ਹਿਆ ਗਿਆ (ਪਰਚੰਡ ਮਾਸਕ ਦੇ ਸਤੰਬਰ ਅੰਕ ਵਿਚ ਇਹ ਪੇਪਰ ਮੂਲ ਰੂਪ ਵਿਚ ਦਿਤਾ ਗਿਆ ਹੈ। ਇਹਦੀ ਕਾਪੀ ਬਾਰੂ ਸਤਵਰਗ ਸੂਬਾਂ ਜਥੇਬੰਦਕ ਸਕੱਤਰ ਕ੍ਰਾਂਤੀਕਾਰ ਸਾਹਿਤ ਸਭਾ, ਪੰਜਾਬ, ਡਾਕਖਾਨਾ ਮਹਿਰਾਜ, ਜ਼ਿਲਾ ਬਠਿੰਡਾ ਕੋਲੋਂ ਵੀ ਮੰਗਵਾਈ ਜਾ ਸਕਦੀ ਹੈ) ਇਸ ਪੇਪਰ ਵਿਚ ਬੁਰਜੂਆ ਸਾਹਿਤ ਦੀ ਵੱਖ ਵੱਖ ਧਾਰਾਵਾਂ ਬਾਰੇ ਇਕ ਪੜਚੋਲਵੀਂ ਵਿਆਖਿਆ ਕੀਤੀ ਗਈ ਹੈ ਤੇ ਦਸਿਆ ਗਿਆ ਹੈ ਕਿ ਸਹੀ ਕ੍ਰਾਂਤੀਕਾਰੀ ਸਾਹਿਤ ਕਿੰਨ੍ਹਾਂ ਲੀਹਾਂ 'ਤੇ ਰਚਿਆ ਜਾਣਾ ਚਾਹੀਦਾ ਹੈ। ਇਸ ਪੇਪਰ ਵਿਚ ਇਹ ਜ਼ੋਰ ਦਿਤਾ ਗਿਆ ਹੈ ਕਿ ਸਹੀ ਰਾਜਨੀਤੀ ਦੀ ਸਮਝ ਬਿਨਾਂ ਅਸਲ ਸ਼ਬਦਾਂ ਵਿਚ ਕ੍ਰਾਂਤੀਕਾਰੀ ਸਾਹਿਤ ਦੀ ਸਿਰਜਨਾ ਨਹੀਂ ਹੋ ਸਕਦੀ। ਇਸ ਗੋਸ਼ਟੀ ਬਾਰੇ ਦੋ ਰੀਪੋਰਟਾਂ 'ਸਮਤਾ' ਦੇ ਪਾਠਕਾਂ ਨਾਲ ਸਾਂਝੀਆਂ ਕਰਨ ਲਈ ਮਿਲੀਆਂ ਹਨ, ਜੋ ਅਸੀਂ ਇਥੇ ਸੰਖੇਪ ਰੂਪ ਵਿਚ ਦੇ ਰਹੇ ਹਾਂ। ਇਸੇ ਵਿਸ਼ੇ ਤੇ ਇਕ ਹੋਰ ਲੇਖਕ ਦੇ ਵਿਚਾਰ ਵੀ ਅਸੀਂ ਇਸ ਸਿਰਲੇਖ ਥੱਲੇ ਦੇ ਰਹੇ ਹਾਂ। ਇਸ ਵਿਚਾਰ ਵਟਾਂਦਰੇ ਵਿਚ ਹੋਰ ਰਾਵਾਂ ਨੂੰ ਅਸੀਂ ਜੀ ਆਇਆਂ ਆਖਾਂਗੇ।

— ਸੰਪਾਦਕ ]

(ੳ) ਪੰਜਾਬ ਦੇ ਮਹਾਨ ਸ਼ਹੀਦਾਂ ਦੀਆਂ ਤਸਵੀਰਾਂ ਨਾਲ ਸਜੇ, ਜਲੰਧਰ ਦੇ ਦੇਸ਼ ਭਗਤ ਹਾਲ ਵਿਚ ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ ਵਲੋਂ 6 ਸਤੰਬਰ 1981 ਦਿਨ ਦੇ ਸਾਢੇ ਤਿੰਨ ਵਜੇ ਸਾਹਿਤ ਤੇ ਰਾਜਨੀਤੀ ਦੇ ਸਬੰਧ ਬਾਰੇ ਕੀਤੀ ਗੋਸ਼ਟੀ ਦੀ ਸ਼ੁਰੂਆਤ ਹੋਈ। ਡਾ. ਸਾਧੂ ਸਿੰਘ ਨੇ ਗੋਸ਼ਟੀ ਦੀ ਕਾਰਵਾਈ ਸ਼ੁਰੂ ਤੋਂ ਲੈ ਕੇ ਅੰਤ ਤਕ ਬੜੀ ਸੰਜੀਦਗੀ ਨਾਲ ਨਿਭਾਈ। ਸ਼ੁਰੂ 'ਚ ਸਤਿਨਾਮ ਸਿੰਘ ਧੀਰੋਵਾਲ ਨੇ ਸਿਰਲੱਥ ਸ਼ਹੀਦਾਂ ਨੂੰ ਆਪਣੀ ਰੋਹਲੀ ਅਵਾਜ਼ ਰਾਹੀਂ ਸ਼ਰਧਾਂਜਲੀ ਅਰਪਨ ਕੀਤੀ। ਸਭਾ ਦੇ ਸੂਬਾ ਜਥੇਬੰਦਕ ਸਕੱਤਰ ਬਾਰੂ ਸਤਵਰਗ ਨੇ ਗੋਸ਼ਟੀ ਵਿਚ ਸ਼ਾਮਲ ਹੋਏ ਸਾਹਿਤਕਾਰਾਂ ਨੂੰ ਜੀ ਆਇਆਂ ਕਹਿੰਦਿਆਂ ਵਿਚਾਰੇ ਜਾਣ ਵਾਲੇ ਪੇਪਰਾਂ ਦੀ ਮਹੱਤਤਾ ਦਸਦਿਆ, ਸਾਹਿਤਕ ਖੇਤਰ ਅੰਦਰਲੀ ਵਰਤਮਾਨ ਸਾਹਿਤਕ ਸਥਿਤੀ ਬਾਰੇ ਆਪਣੇ ਵਿਚਾਰ ਪਰਗਟ ਕੀਤੇ। ਉਸ ਤੋਂ ਬਾਅਦ ਸੂਬਾ ਜਥੇਬੰਦਕ ਕਮੇਟੀ ਵਲੋਂ ਪ੍ਰਮਾਨਤ ਪੇਪਰ 'ਸਾਹਿਤ ਤੇ ਰਾਜਨੀਤੀ ਦੇ ਸਬੰਧ' ਬਾਰੇ ਹਰਜਿੰਦਰਮੀਤ ਨੇ ਪੜ੍ਹਿਆ। ਪੰਜਾਬ ਦੇ ਮਸ਼ਹੂਰ ਨਾਵਲਕਾਰ ਜਸਵੰਤ ਸਿੰਘ 'ਕੰਵਲ' ਨੇ ਪੇਪਰ ਉਪਰ ਹੋਣ ਵਾਲੀ ਬਹਿਸ ਦੀ ਸ਼ੁਰੂਆਤ ਕਰਦਿਆਂ ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ ਦੇ ਬਨਣ ਨੂੰ ਸਮੇਂ ਦੀ ਭਖਦੀ ਲੋੜ ਦਸਿਆ, ਤੇ ਉਹਨਾਂ ਨੇ ਇਸ ਦੇ ਬਨਣ ਨੂੰ ਬੰਜਰ ਧਰਤੀ ਪਾੜਨ ਦੇ ਤੁਲ ਦਸਿਆ। ਉਹਨਾਂ ਨੇ 'ਸਾਹਿਤ ਤੇ ਰਾਜਨੀਤੀ ਦੇ ਸਬੰਧ' ਬਾਰੇ ਪੜ੍ਹੇ ਪੇਪਰ ਦੀ ਬੁਨਿਆਦੀ ਸਮਝ ਨੂੰ ਦਰੁਸਤ ਠਹਿਰਾਉਂਦਿਆਂ ਪਰਚੇ ਅੰਦਰਲੀਆਂ ਕੁਝ ਲਾਈਨਾਂ ਨੂੰ ਪੜਚੋਲਵੀਂ ਨਜ਼ਰ ਨਾਲ ਲਿਆ। 'ਕੰਵਲ' ਨੇ ਸੂਬਾ ਜਥੇਬੰਦਕ ਕਮੇਟੀ ਨੂੰ ਸ਼ੁਭ ਕਾਮਨਾਵਾਂ ਅਧੀਨ ਕੁਝ ਕੀਮਤੀ ਸੁਝਾਅ ਦਿਤੇ। ਬਾਅਦ ਵਿਚ ਪਾਲ ਸਿੰਘ 'ਪੰਜਾਬੀ ਕੌਮ', ਸੁਖਪਾਲ ਸਿੰਘ, ਨਾਜਰ ਸਿੰਘ 'ਸੁਰਖ ਰੇਖਾ', ਜਗਦੇਵ ਸਿੰਘ ਸੰਪਾਦਕ 'ਪਰਚੰਡ', ਗੁਰਬਖਸ਼ ਜੱਸ, ਗੁਰਪ੍ਰੀਤ ਕੌਰ, ਮਘਰ ਸਿੰਘ ਕੁਲਦੀਪ ਸਿੰਘ, ਰਾਮ ਸਿੰਘ, ਮਿੰਦਰਪਾਲ 'ਭੱਠਲ', ਪਰਮਜੀਤ 'ਦਹਿਲ', ਬਲਦੇਵ 'ਮੋਹਲਾ', ਮਲ ਸਿੰਘ 'ਰਾਮਪੁਰੀ' ਜਗਜੀਤ 'ਧਾਲੀਵਾਲ' ਦੇਵਾ ਸਿੰਘ 'ਮਾਹਲਾ', ਹਰਜਿੰਦਰਮੀਤ, ਬਾਰੂ ਸਤਵਰਗ ਤੇ ਹੋਰ ਕਿੰਨੇ ਹੀ ਬੁਲਾਰਿਆਂ ਨੇ ਕੁਝ ਮਤਭੇਦਾਂ ਦੇ ਬਾਵਜੂਦ 'ਸਾਹਿਤ' ਤੇ ਰਾਜਨੀਤੀ ਦੇ ਸਬੰਧ ਨੂੰ ਅਟੁੱਟ ਸਮਝਿਆ। ਇਹਨਾਂ ਬੁਲਾਰਿਆਂ ਵਿਚੋਂ ਕੁਝ ਬੁਲਾਰਿਆਂ ਜਿਵੇਂ ਨਾਜਰ ਸਿੰਘ, ਸੁਖਪਾਲ ਤੇ ਪਰਮਜੀਤ ਦਹਿਲ ਆਦਿ ਨੇ 'ਸਾਹਿਤ ਤੇ ਰਾਜਨੀਤੀ ਦੇ ਸਬੰਧ ਨੂੰ ਪਰਵਾਨ ਕਰਦਿਆਂ ਵੀ ਇਹ ਵਿਚਾਰ ਰਖਿਆ ਕਿ ਸਾਹਿਤਕਾਰਾਂ ਨੂੰ ਉਸ ਰਾਜਨੀਤੀ ਬਾਰੇ ਵਿਚਾਰ ਵਟਾਂਦਰਾ ਨਹੀਂ ਕਰਨਾ ਚਾਹੀਦਾ ਜਿਸਦਾ ਸਬੰਧ

ਅਜੋਕੀ ਹਾਲਤ ਵਿਚ ਸਾਹਿਤ ਨਾਲ ਜੁੜਿਆ ਹੋਇਆ ਹੈ। ਇਸ ਤੋਂ ਉਲਟ ਬੁਲਾਰਿਆਂ ਦੀ ਦੂਸਰੀ ਧਿਰ ਹਰਜਿੰਦਰਮੀਤ, ਗੁਰਪ੍ਰੀਤ, ਬਲਦੇਵ 'ਮੋਹਲਾ' ਬਾਰੂ ਸਤਵਰਗ, ਜਗਦੇਵ ਸਿੰਘ ਸੰਪਾਦਕ 'ਪਰਚੰਡ' ਆਦਿ ਨੇ ਆਪਣਾ ਵਿਚਾਰ ਰਖਿਆ ਕਿ ਜਦ ਇਹ ਇਕ ਜਿਉਂਦੀ ਜਾਗਦੀ ਸਚਾਈ ਹੈ ਕਿ ਸਾਹਿਤ ਨੂੰ ਰਾਜਨੀਤੀ ਨਾਲੋਂ ਨਖੇੜਿਆ ਨਹੀਂ ਜਾ ਸਕਦਾ, ਤਾਂ ਸਾਹਿਤਕਾਰਾਂ ਨੂੰ ਅਵੱਸ਼ ਹੀ ਅਜੋਕੀਆਂ ਹਾਲਤਾਂ ਦੀ ਪ੍ਰਤੀਨਿਧਤਾ ਕਰਨ ਵਾਲੀ ਦਰੁਸਤ ਰਾਜਨੀਤੀ ਅਪਨਾਉਣ ਬਾਰੇ ਬਹਿਸ-ਮੁਬਾਹਸਾ ਕਰਨਾ ਚਾਹੀਦਾ ਹੈ। ਇਹਨਾਂ ਬੁਲਾ-ਰਿਆਂ ਨੇ ਦਸਿਆ ਕਿ ਪੜ੍ਹੇ ਗਏ ਪਰਚੇ ਅੰਦਰ ਉਹੀ ਰਾਜਨੀਤਕ ਸੇਧ ਹੈ ਜਿਹੜੀ ਸੇਧ ਝੁਨੀਰ ਕਨਵੈਨਸ਼ਨ ਵਲੋਂ ਪਾਸ ਕੀਤਾ ਗਿਆ ਕ੍ਰਾਂਤੀਕਾਰੀ ਸਾਹਿਤ ਸਭਾ ਦੇ ਐਲਾਨਨਾਮੇ ਦੀ ਸਮਝ ਹੈ। ਇਸੇ ਰਾਜਨੀਤੀ ਦੀ ਰੋਸ਼ਨੀ ਵਿਚ ਲੇਖਕ ਅਜੋਕੀਆਂ ਹਾਲਤਾਂ ਨੂੰ ਅਸਲੀ ਵਿਚ ਸਮਝ ਸਕਦੇ ਹਨ। ਦੋਵਾਂ ਧਿਰਾਂ ਵਿਚਕਾਰ ਛਿੜੀ ਬਹਿਸ ਕਈ ਵਾਰ ਗਰਮਾ-ਗਰਮੀ ਤੀਕ ਵੀ ਚਲੀ ਗਈ। ਚਾਹ ਪੀਣ ਸਮੇਂ ਰਾਮ ਸਰੂਪ ਅਣਖੀ, ਜਗਜੀਤ 'ਧਾਲੀਵਾਲ'; ਮਿੰਦਰਪਾਲ 'ਭੱਠਲ', ਪਰਮਜੀਤ 'ਦਹਿਲ', ਆਦਿ ਨੇ ਆਪਣੇ ਰੋਹਲੇ ਤੇ ਜੋਸ਼ੀਲੇ ਗੀਤਾਂ ਰਾਹੀਂ ਹਾਊਸ ਅੰਦਰ ਰੰਗ ਬੰਨ੍ਹਿਆਂ। ਸਭਾ ਦੇ ਸੂਬਾ ਜਥੇਬੰਦਕ ਸਕੱਤਰ ਬਾਰੂ ਸਤਵਰਗ ਨੇ ਬਹਿਸ ਵਿਚ ਉਭਰ ਕੇ ਆਏ ਦੋਹਾਂ ਵਿਚਾਰਾਂ ਨੂੰ ਅਧਾਰ ਬਣਾਉਂਦਿਆਂ ਸਪਸ਼ਟ ਸ਼ਬਦਾਂ ਵਿਚ ਆਪਣੇ ਵਿਚਾਰ ਰਖੇ ਕਿ ਪਰਚੇ ਅੰਦਰਲੀ ਦਰੁਸਤ ਰਾਜਨੀਤੀ ਬਾਰੇ ਬਹਿਸ-ਮੁਬਾਹਸਾ ਤੋਂ ਪਾਸਾ ਵਟਣ ਦਾ ਅਰਥ 'ਸਾਹਿਤ ਤੇ ਰਾਜਨੀਤੀ ਦੇ ਸਬੰਧਾਂ' ਤੋਂ ਮੁਨਕਰ ਹੋਣ ਦੇ ਸਿਵਾਏ ਕੁਝ ਨਹੀਂ। ਉਸ ਨੇ ਦਸਿਆ ਕਿ ਪਰਚੇ ਅੰਦਰਲੀ ਰਾਜਨੀਤੀ ਸਭਾ ਦੇ ਐਲਾਨ-ਨਾਮੇ ਅੰਦਰਲੀ ਰਾਜਨੀਤੀ ਦੀ ਪ੍ਰਤੀਨਿਧਤਾ ਕਰਦੀ ਹੈ। ਅੰਤ ਵਿਚ ਉਸ ਨੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੇ ਇਨਚਾਰਜ ਵਲੋਂ ਦਿਤੇ ਸਹਿਯੋਗ, ਤੇ ਗੋਸ਼ਟੀ ਵਿਚ ਸ਼ਾਮਲ ਹੋਏ ਲੇਖਕਾਂ ਦਾ ਧੰਨਵਾਦ ਕਰਦਿਆਂ ਅਪੀਲ ਕੀਤੀ ਕਿ ਲੋਕ-ਪੱਖੀ ਲੇਖਕਾਂ ਦਾ ਅਜ ਮੁਢਲਾ ਫਰਜ਼ ਬਣਦਾ ਹੈ ਕਿ ਬਹਿਸ-ਮੁਬਾਹਸੇ ਦਾ ਰਾਹ ਅਖਤਿਆਰ ਕਰਦਿਆਂ ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ ਨੂੰ ਵਿਚਾਰਧਾਰਕ, ਰਾਜਨੀਤਕ, ਸਾਹਿਤਕ ਤੇ ਜਥੇਬੰਦਕ ਪੱਖਾਂ ਤੋਂ ਹੋਰ ਸ਼ਕਤੀਸ਼ਾਲੀ ਬਣਾਉਣ ਲਈ ਸੰਜੀਦਗੀ ਨਾਲ ਹੋਰ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ। ਗੋਸ਼ਟੀ ਦੇ ਅੰਤ ਵਿਚ ਸਟੇਜ ਸਕੱਤਰ ਡਾ. ਸਾਧੂ ਸਿੰਘ ਨੇ ਹਾਊਸ ਦੀ ਪ੍ਰਵਾਨਗੀ ਲਈ ਇਹ ਮਤੇ ਰਖੇ।

1. ਅਜ ਦਾ ਹਾਊਸ ਸਰਕਾਰ ਵਲੋਂ ਲਾਏ ਗਏ ਲੋਕ-ਵਿਰੋਧੀ ਆਰਡੀਨੈਂਸ ਦੀ ਵਿਰੋਧਤਾ ਕਰਦਾ ਹੈ, ਤੇ ਸਰਕਾਰ ਪਾਸੋਂ ਮੰਗ ਕਰਦਾ ਹੈ ਕਿ ਕਾਲਾ ਆਰਡੀ-ਨੈਂਸ ਵਾਪਸ ਲਿਆ ਜਾਵੇ। 2. ਅਜ ਦਾ ਹਾਊਸ ਕੇਰਲਾ ਸਰਕਾਰ ਵਲੋਂ ਇਨਕਲਾਬੀ ਨਾਟਕ ਮੰਡਲੀ ਤੇ ਲਾਈ ਪਾਬੰਦੀ, ਬੋਲਣ ਤੇ ਲਿਖਣ ਦੀ ਆਜ਼ਾਦੀ ਤੇ ਹੋਇਆ ਤਿੱਖਾ ਵਾਰ ਸਮਝਦਿਆਂ ਕੇਰਲਾ ਸਰਕਾਰ ਤੋਂ ਮੰਗ ਕਰਦਾ ਹੈ ਕਿ ਤੁਰੰਤ ਪਾਬੰਦੀ ਹਟਾਈ ਜਾਵੇ। 3. ਇਹ ਹਾਊਸ ਪੁਲੀਸ ਵਲੋਂ ਬਠਿੰਡਾ ਜ਼ਿਲੇ ਦੇ ਦੋ ਪੱਤਰਕਾਰਾਂ (ਚਾਂਦੀ ਰਾਮ ਸ਼ਰਮਾ, ਵੇਦ ਪ੍ਰਕਾਸ਼ ਗੁਪਤਾ) ਉਪਰ ਢਾਹੇ ਜਬਰ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ ਤੇ ਮੰਗ ਕਰਦੀ ਹੈ ਕਿ ਦੋਸ਼ੀ ਪੁਲਿਸ ਅਫ-ਸਰਾਂ ਨੂੰ ਬਣਦੀਆਂ ਸਜ਼ਾਵਾਂ ਦਿਤੀਆਂ ਜਾਣ। 4. ਅਜ ਦਾ ਹਾਊਸ ਭੜਕਾਏ ਜਾ ਰਹੇ ਫਿਰਕੂ ਦੰਗਿਆਂ ਫਸਾਦਾਂ ਨੂੰ ਲੁਟੇਰੀਆਂ ਹਾਕਮ ਜਮਾਤਾਂ ਦੀ ਸਾਜ਼ਸ਼ ਕਰਾਰ ਦਿੰਦਿਆਂ ਮੰਗ ਕਰਦੀ ਹੈ ਕਿ ਇਹਨਾਂ ਦੰਗੇ ਫਸਾਦਾਂ ਵਿਚ ਕੀਤਾ ਜਾ ਰਿਹਾ ਲੋਕਾਂ ਦਾ ਘਾਣ ਬੰਦ ਕੀਤਾ ਜਾਵੇ। 5. ਇਹ ਹਾਊਸ ਫਗਵਾੜਾ ਪੁਲੀਸ ਵਲੋਂ ਫਗਵਾੜੇ ਦੇ ਵਕੀਲ ਮਗਰ ਸਿੰਘ ਦੇ ਕੀਤੇ ਗਏ ਕਤਲ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ ਤੇ ਮੰਗ ਕਰਦਾ ਹੈ ਦੋਸ਼ੀ ਪੁਲੀਸ ਕਰਮਚਾਰੀਆਂ ਵਿਰੁਧ ਕਤਲ ਦਾ ਮੁਕਦਮਾ ਦਰਜ ਕਰਕੇ ਸਜ਼ਾ ਦਿਤੀ ਜਾਵੇ। ਇਹ ਮਤੇ ਹਾਊਸ ਵਲੋਂ ਸਰਬ ਸੰਮਤੀ ਨਾਲ ਪਾਸ ਕੀਤੇ ਜਾਣ ਤੋਂ ਬਾਅਦ ਠੀਕ ਰਾਤ ਦੇ ਸਵਾ ਦੋ ਵਜੇ ਡਾ. ਸਾਧੂ ਸਿੰਘ ਨੇ ਗੋਸ਼ਟੀ ਦੀ ਸਮਾਪਤੀ ਕੀਤੀ। ਇਸ ਗੋਸ਼ਟੀ ਵਿਚ ਆਮ ਕੀਤੀਆਂ ਜਾਣ ਵਾਲੀਆਂ ਗੋਸ਼ਟੀਆਂ ਨਾਲੋਂ ਇਹ ਵਿਲੱਖਣਤਾ ਨਜ਼ਰ ਆਈ ਕਿ ਸਾਰੇ ਹਾਊਸ ਵਿਚ ਕੋਈ ਕੁਰਸੀ ਨਹੀਂ ਸੀ। ਸਗੋਂ ਸਾਰੇ ਲੇਖਕ ਦਰੀਆਂ ਤੇ ਬੈਠੇ ਗੰਭੀਰਤਾ ਅਤੇ ਸਰਗਰਮੀ ਨਾਲ ਬਹਿਸ ਵਿਚ ਹਿੱਸਾ ਪਾਉਂਦੇ ਰਹੇ।

ਵਲੋਂ —

ਬਾਰੂ ਸਤਵਰਗ, ਸੂਬਾ ਜਥੇਬੰਦਕ ਸਕੱਤਰ,
ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ

o

(ਅ) ਜਿਵੇਂ ਕਿ ਕਿਸੇ ਵੀ ਸਮਾਜਕ ਕ੍ਰਾਂਤੀ ਨੂੰ ਸਿਰੇ ਚਾੜਨ ਲਈ ਇਕ ਇਨਕਲਾਬੀ ਜਥੇਬੰਦੀ ਦੀ ਲੋੜ ਹੁੰਦੀ ਹੈ — ਇਵੇਂ ਹੀ ਕ੍ਰਾਂਤੀਕਾਰੀ ਸਾਹਿਤ ਅਤੇ ਸਭਿਆਚਾਰ ਦਾ ਪ੍ਰਚਾਰ ਅਤੇ ਪਸਾਰ ਵੀ ਕਿਸੇ ਕ੍ਰਾਂਤੀ-ਕਾਰੀ ਸੰਸਥਾ ਤੋਂ ਬਿਨਾਂ ਸੰਭਵ ਨਹੀਂ ਹੁੰਦਾ — ਜਿਸਦੇ ਪਲੇਟਫਾਰਮ ਤੋਂ ਲੋਕਾਂ ਨੂੰ ਸਮਾਜਕ ਤਬਦੀਲੀ ਬਾਰੇ ਸੁਚੇਤ ਕੀਤਾ ਜਾ ਸਕੇ। ਚਲੋ ਦੇਰ ਨਾਲ ਹੀ ਸਹੀ, ਪੰਜਾਬ ਵਿਚ ਪੰਜਾਬੀ ਦੇ ਸਾਹਿਤਕ ਖੇਤਰ ਵਿਚ ਇਕ

ਅਜੇਹੀ ਹੀ ਸੰਸਥਾ ਹੋਂਦ ਵਿਚ ਆਈ ਹੈ — ਉੱਝ ਕੇਰਲਾ ਅਤੇ ਆਂਧਰਾ ਵਰਗੇ ਸੂਬਿਆਂ ਵਿਚ ਪਹਿਲਾਂ ਹੀ ਅਜਿਹੀਆਂ ਸਭਾਵਾਂ ਸਫਲਤਾ ਨਾਲ ਕੰਮ ਕਰ ਰਹੀਆਂ ਹਨ। ਕ੍ਰਾਂਤੀਕਾਰੀ ਸਾਹਿਤਕਾਰਾਂ ਅਤੇ ਲੇਖਕਾਂ ਨੂੰ ਇਕ ਅਜੇਹੇ ਹੀ ਮੰਚ ਦੀ ਲੋੜ ਸੀ ਜਿਥੋਂ ਕਿ ਸੁਚਮੁਚ ਹੀ ਲੋਕਾਂ ਦੀ ਗੱਲ ਲੋਕਾਂ ਤਕ ਪਹੁੰਚਾਉਣ ਲਈ ਮਹੌਲ ਉਸਾਰਿਆ ਜਾ ਸਕਦਾ ਹੈ। ਜਿਹੜੇ ਲੇਖਕ ਅਤੇ ਕਵੀ ਅਜ ਵੀ ਮਹਿਬੂਬਾ ਦੀਆਂ ਜ਼ੁਲਫਾਂ, ਸ਼ਰਾਬ, ਸਾਕੀ ਅਤੇ ਪੈਮਾਨੇ ਦੀਆਂ ਘੁੰਮਣ-ਘੇਰੀਆਂ ਵਿਚ ਨਵੇਂ ਨਵੇਂ ਪ੍ਰਯੋਗ ਕਰਨ ਵਿਚ ਫਸੇ ਹੋਏ ਹਨ — ਉਨ੍ਹਾਂ ਦਾ ਲੋਕ-ਪਖੀ ਕ੍ਰਾਂਤੀਕਾਰੀ ਲੇਖਕਾਂ ਨਾਲੋਂ ਵਖਰੇਵਾਂ ਕਰਨਾ ਵੀ ਜ਼ਰੂਰੀ ਬਣ ਗਿਆ ਸੀ — ਕਿਉਂਕਿ ਇਨ੍ਹਾਂ ਲੇਖਕਾਂ ਵਿਚਕਾਰ ਬੈਠਕੇ ਜਦੋਂ ਵੀ ਲੋਕਾਂ ਦੀ ਜਾਂ ਸਮਾਜਕ ਤਬਦੀਲੀ ਦੀ ਗਲ ਕੀਤੀ ਜਾਂਦੀ ਸੀ ਤਾਂ ਇਹ ਮਜ਼ਾਕ ਜਿਹਾ ਬਣ ਕੇ ਰਹਿ ਜਾਂਦੀ ਸੀ। ਫਿਰ ਕਿਉਂ ਨਾ ਲੋਕ-ਪਖੀ ਲੇਖਕਾਂ ਅਤੇ ਲੋਕ ਵਿਰੋਧੀ ਲੇਖਕਾਂ ਵਿਚ ਨਿਖੇੜੇ ਦੀ ਇਕ ਸਾਫ ਰੇਖਾ ਖਿਚ ਦਿਤੀ ਜਾਵੇ। ਕ੍ਰਾਂਤੀਕਾਰੀ ਸਾਹਿਤ ਸਭਾ ਫ਼ਨੌਰ ਇਸ ਪਹਿਲ ਕਦਮੀਂ ਲਈ ਵਧਾਈ ਦੀ ਹਕਦਾਰ ਹੈ ਕਿ ਇਸ ਨੇ ਨਿਰੋਲ ਲੋਕ-ਪਖੀ ਲੇਖਕਾਂ ਦੀ ਇਕ ਜਥੇਬੰਦੀ ਉਸਾਰਨ ਦਾ ਉਪਰਾਲਾ ਕੀਤਾ ਹੈ। ਇਸ ਕ੍ਰਾਂਤੀਕਾਰੀ ਸਾਹਿਤ ਸਭਾ ਵਲੋਂ ਪਹਿਲੀ ਗੋਸ਼ਟੀ, ਵਿਸ਼ਾ 'ਸਾਹਿਤ ਅਤੇ ਰਾਜਨੀਤੀ ਦੇ ਆਪਸੀ ਸਬੰਧ ਬਾਰੇ' ਦਾ 6 ਸਤੰਬਰ ਨੂੰ ਜਲੰਧਰ ਵਿਖੇ ਆਯੋਜਨ ਕੀਤਾ ਗਿਆ — ਜਿਸ ਵਿਚ ਲਗ ਭਗ 40–50 ਲੇਖਕਾਂ, ਸੰਪਾਦਕਾਂ ਅਤੇ ਅਲੋਚਕਾਂ ਨੇ ਭਾਗ ਲਿਆ।

ਪੰਜਾਬ ਵਿਚ ਇਸ ਵੇਲੇ ਕਈ ਵਖ-ਵਖ ਸਾਹਿਤ ਸਭਾਵਾਂ ਵਖਰੇ-ਵਖਰੇ ਢੰਗ ਨਾਲ ਕੰਮ ਕਰ ਰਹੀਆਂ ਹਨ — ਜਿਨ੍ਹਾਂ ਵਿਚ ਕਈ ਤਾਂ ਸਥਾਪਤੀ ਦੀ ਛਤਰ-ਛਾਇਆ ਹੇਠ ਕੰਮ ਕਰ ਰਹੀਆਂ ਹਨ ਅਤੇ ਸਿਧੇ ਵਿੰਗੇ ਢੰਗ ਨਾਲ ਸਥਾਪਤੀ ਦੀ ਹੀ ਸੇਵਾ ਕਰ ਰਹੀਆਂ ਹਨ। ਜਿਹੜੀਆਂ ਸਭਾਵਾਂ ਸਿਧੇ ਤੌਰ ਤੇ ਇਸ ਛਤਰਛਾਇਆ ਹੇਠ ਕੰਮ ਨਹੀਂ ਕਰ ਰਹੀਆਂ ਉਨ੍ਹਾਂ ਕੋਲ ਵੀ ਕੋਈ ਨਿਸ਼ਚਤ ਉਦੇਸ਼ ਜਾਂ ਦਿਸ਼ਾ ਨਾ ਹੋਣ ਕਰਕੇ ਉਨ੍ਹਾਂ ਦਾ ਰੋਲ ਵੀ ਰੋਲ ਘਚੋਲੇ ਵਿਚ ਲੋਕ-ਪਖੀ ਨਹੀਂ ਬਣਦਾ। ਸੋ ਲੋਕ-ਪਖੀ ਲੇਖਕਾਂ ਅਤੇ ਸਾਹਿਤਕਾਰਾਂ ਲਈ ਨਿਖੜਵੇਂ ਰੂਪ ਵਿਚ ਇਕ ਅਜੇਹੀ ਸੰਸਥਾ ਦੀ ਤਤਕਾਲ ਲੋੜ ਸੀ ਜਿਹਦੇ ਰਾਹੀਂ ਉਹ ਲੋਕ-ਪਖੀ ਅਤੇ ਲੋਕ-ਵਿਰੋਧੀ ਸਾਹਿਤ ਦਾ ਸਾਫ ਨਿਖੇੜਾ ਕਰਦੇ ਹੋਏ — ਹਕੀਕੀ ਦੋਸਤ ਅਤੇ ਦੁਸ਼ਮਣ ਦੀ ਪਹਿਚਾਣ ਕਰਦੇ ਹੋਏ — ਸਹੀ ਦਿਸ਼ਾ ਵਿਚ ਵਿਕਾਸ ਕਰ ਸਕਦੇ ਅਤੇ ਨਵੇਂ ਲਖਕਾਂ ਨੂੰ ਅਖੌਤੀ ਲੋਕ ਸਾਹਿਤ ਦੇ ਭੰਬਲਭੂਸੇ ਅਤੇ ਕੂੜ-ਪ੍ਰਚਾਰ ਵਿਚੋਂ ਕਢ ਸਕਦੇ। ਸਮਕਾਲੀ ਸਮਾਜਕ ਸਥਿਤੀ ਅੰਦਰ ਸਾਹਿਤ ਅਤੇ ਰਾਜਨੀਤੀ ਦੇ ਆਪਸੀ ਸਬੰਧ ਬੜਾ ਅਹਿਮ ਮਸਲਾ ਹੈ ਜਿਹਦਾ ਹਲ ਲੱਭਣ ਲਈ ਇਹ ਗੋਸ਼ਟੀ ਕਿਸੇ ਕ੍ਰਾਂਤੀਕਾਰੀ ਸਾਹਿਤ ਸਭਾ ਦਾ ਪਹਿਲਾਂ ਉਪਰਾਲਾ ਹੈ।

ਗੋਸ਼ਟੀ ਦੇ ਅਰੰਭ ਵਿਚ ਪੰਜਾਬੀ ਦੇ ਪ੍ਰਸਿਧ ਨਾਵਲਕਾਰ ਸ: ਜਸਵੰਤ ਸਿੰਘ ਕੰਵਲ ਨੇ ਕ੍ਰਾਂਤੀਕਾਰੀ ਲੇਖਕਾਂ ਦੀ ਜਥੇਬੰਦੀ ਬਣਾਉਣ ਵਾਲਿਆਂ ਨੂੰ ਉਨ੍ਹਾਂ ਦੀ ਪਹਿਲ ਕਦਮੀਂ ਤੇ ਵਧਾਈ ਦਿਤੀ। ਉਨ੍ਹਾਂ ਕਿਹਾ ਕਿ ਇਸ ਵੇਲੇ ਨਿਰੋਲ ਕ੍ਰਤੀਕਾਰੀ ਸਾਹਿਤਕ ਰਸਾਲਿਆਂ ਦੀ ਬਹੁਤ ਘਾਟ ਹੈ — ਜਿਵੇਂ ਕਿ 'ਸਮਤਾ' ਮਾਸਿਕ ਹੈ। ਸਾਰੇ ਕ੍ਰਾਤੀਕਾਰੀ ਲੇਖਕਾਂ ਨੂੰ ਇਕੱਠੇ ਹੋ ਕੇ ਇਕ ਸਾਹਿਤ ਦੀ ਪਤ੍ਰਕਾ ਕਢਣੀ ਚਾਹੀਦੀ ਹੈ ਅਤੇ ਇਹਨੂੰ ਪੱਕੇ ਪੈਰੀਂ ਸਥਾਪਤ ਕਰਨਾ ਚਾਹੀਦਾ ਹੈ। ਉਨ੍ਹਾਂ ਅਗੇ ਕਿਹਾ ਕਿ ਲੋਕਵਾਦੀ ਸਾਹਿਤ ਸਿਆਸਤ ਤੋਂ ਨਿਰਲੇਪ ਨਹੀਂ ਰਹਿ ਸਕਦਾ ਪਰ ਵਧੀਆ ਮਿਆਰੀ ਸਾਹਿਤਕ ਕਿਰਤ ਲਈ ਕਲਾ ਦੀ ਬਲੀ ਨਹੀਂ ਦਿਤੀ ਜਾ ਸਕਦੀ — ਨਹੀਂ ਤਾਂ ਸਾਹਿਤ ਨਿਰੋਲ ਸਿਆਸੀ ਪ੍ਰਚਾਰ ਬਣ ਕੇ ਰਹਿ ਜਾਵੇਗਾ। ਉਨ੍ਹਾਂ ਅਗੇ ਕਿਹਾ ਕਿ ਮਾਰ-ਕਸੀ ਫਲਸਫੇ ਦੇ ਜਨਮ ਤੋਂ ਪਹਿਲਾਂ ਅਸੀਂ ਲੋਕ-ਪਖੀ ਅਤੇ ਲੋਕ-ਵਿਰੋਧੀ ਵਿਚਾਰਧਾਰਾ ਦਾ ਨਿਖੇੜਾ ਨਹੀਂ ਸੀ ਕਰ ਸਕਦੇ। ਅਗੇ ਬਹਿਸ ਵਿਚ ਹਿਸਾ ਲੈਂਦਿਆ ਬਲਬੀਰ ਸਿੰਘ (ਮੁਕੇਰੀਆਂ) ਨੇ ਕਿਹਾ ਕਿ ਪੇਪਰ ਵਿਚ ਸਾਹਿਤ ਉਤੇ ਰਾਜਨੀਤੀ ਨੂੰ ਠੋਸਿਆ ਗਿਆ ਹੈ — ਇਕ ਵਿਸ਼ੇਸ਼ ਸਿਆਸੀ ਵਿਚਾਰਧਾਰਾ ਦੀ ਰੂਪ ਰੇਖਾ ਨੂੰ ਸਾਹਿਤ ਦੀ ਰੂਪ ਰੇਖਾ ਦੇ ਤੌਰ ਤੇ ਪੇਸ਼ ਕੀਤਾ ਗਿਆ ਹੈ — ਸਮਾਜਕ ਯਥਾਰਥ ਨਾਲ ਨਹੀਂ ਸਗੋਂ ਲੇਖਕ ਨੂੰ ਇਕ ਗਿਣੀ ਮਿਥੀ ਰਾਜਨੀਤੀ ਨਾਲ ਬੰਨ੍ਹ ਦਿਤਾ ਗਿਆ ਹੈ। ਉਸਾਰੂ ਸਾਹਿਤ ਸਿਰਜਣਾ ਲਈ ਇਹ ਕੋਈ ਸਿਹਤਮੰਦ ਪਹੁੰਚ ਨਹੀਂ ਹੈ। 'ਜੱਸ' ਨੇ ਕਿਹਾ ਕਿ ਸਾਹਿਤ ਦੇ ਇਤਹਾਸ ਵਿਚ ਹਾਰਡੀ ਡਿਕਨਜ਼, ਰੂਸੋ, ਬਲਜ਼ਾਕ ਅਤੇ ਪ੍ਰੇਮ ਚੰਦ ਵਰਗੇ ਅਜੇਹੇ ਵੀ ਲਿਖਾਰੀ ਹੋਏ ਹਨ ਜਿਨ੍ਹਾਂ ਦੀਆਂ ਸਾਹਿਤਕ ਕਿਰਤਾਂ ਵਿਚ ਭਾਵੇਂ ਕਿਸੇ ਵਿਸ਼ੇਸ਼ ਰਾਜਨੀਤੀ ਦਾ ਪ੍ਰਚਾਰ ਨਹੀਂ ਪਰ ਇਨ੍ਹਾਂ ਵਿਚੋਂ ਉਨ੍ਹਾਂ ਦੇ ਸਮਕਾਲੀ ਸਮਾਜਕ ਯਥਾਰਥ ਦੀ ਉਹ ਝਲਕ ਮਿਲਦੀ ਹੈ ਜਿਹੜੀ ਕਿ ਰਾਜਤੰਤਰ ਦੀ ਨਿਰੰਕੁਸ਼ਤਾ ਅਤੇ ਸਾਮਰਾਜੀ ਲੁਟ ਉਤੇ ਗਹਿਰੀ ਚੋਟ ਕਰਦੀ ਹੈ। ਸਾਹਿਤ ਦਾ ਮੰਤਵ ਸਪਸ਼ਟ ਕਰ ਦਿਆਂ ਇਥੇ ਇਹ ਗਲ ਵੀ ਦੁਹਰਾਈ ਗਈ ਕਿ ਸਮੁੱਚਾ ਸਾਹਿਤ ਪ੍ਰਚਾਰ ਹੁੰਦਾ ਹੈ ਪਰ ਸਾਰਾ ਪ੍ਰਚਾਰ ਸਾਹਿਤ ਨਹੀਂ ਹੁੰਦਾ।

ਅਗਾਂਹ ਬਜ਼ੁਰਗ ਸਾਥੀ ਪਾਲ ਸਿੰਘ ਨੇ ਪੇਪਰ ਅਤੇ ਸਾਹਿਤ ਸਭਾ ਦੇ ਉਦੇਸ਼ ਨਾਲ ਸਹਿਮਤੀ ਪ੍ਰਗਟ ਕਰਦਿਆਂ ਸਭਾ ਨੂੰ ਅਜੇਹੀ ਪਹਿਲ ਕਦਮੀਂ ਲਈ ਜੀ ਆਇਆ ਕਿਹਾ। ਬਹਿਸ ਨੂੰ ਅਗੇ ਤੋਰਦਿਆਂ ਉਨ੍ਹਾਂ ਕਿਹਾ ਕਿ ਪੇਪਰ ਵਿਚ ਜੋ ਸਾਮਰਾਜਵਾਦ ਅਤੇ ਉਹਦੇ ਏਜੰਟਾਂ ਦੀ ਗਲ ਕੀਤੀ ਗਈ ਹੈ — ਇਥੇ ਇਹ ਨਹੀਂ ਸਪਸ਼ਟ ਕੀਤਾ ਗਿਆ ਹੈ ਕਿ ਦੇਸ਼ ਅੰਦਰ ਕਿਹੜਾ ਸਾਮਰਾਜ ਕਿਹੜੇ ਢੰਗ ਨਾਲ ਲੁੱਟ ਕਰ ਰਿਹਾ ਹੈ — ਆਮ ਲੋਕਾਂ ਨੂੰ ਇਸ ਸਾਮਰਾਜੀ ਲੁਟ ਦੇ ਵਰਤਾਰੇ ਬਾਰੇ ਕਿਵੇਂ ਸਪਸ਼ਟ ਕੀਤਾ ਜਾਵੇ। ਜੇ ਇਸ ਸਿਆਸੀ ਮਸਲੇ ਦੀ ਗਲ ਛੇੜੀ ਹੀ ਸੀ ਤਾਂ ਇਹ ਵੀ ਦਸਣਾ ਬਣਦਾ ਸੀ ਕਿ ਅਮਰੀਕਨ ਸਾਮਰਾਜ ਦੀ ਲੁਟ ਰੂਸੀ ਸਮਾਜਕ ਸਾਮਰਾਜ ਦੀ ਲੁਟ ਨਾਲੋਂ ਕਿਵੇਂ ਵੱਖਰੀ ਹੈ? ਨਾਲ ਹੀ ਇਹ ਵੀ ਕਿਹਾ ਗਿਆ ਕਿ ਇਹ ਕੌਮੀ ਅਤੇ ਕੌਮਾਂਤਰੀ ਪੱਧਰ ਦੇ ਸਿਆਸੀ ਮਸਲੇ ਅਲਗ ਬਹਿਸ ਦੀ ਮੰਗ ਕਰਦੇ ਹਨ।

ਸਾਥੀ ਸੁਖਪਾਲ ਨੇ ਬਹਿਸ ਵਿਚ ਹਿਸਾ ਲੈਂਦਿਆਂ ਕਿਹਾ ਕਿ ਪੇਪਰ ਵਿਚ ਬਹੁਤੇ 'ਵਾਦਾਂ' ਦਾ ਐਵੇਂ ਘਚੋਲਾ ਪਾਇਆ ਗਿਆ ਹੈ —— ਬੁਨਿਆਦੀ ਤੌਰ ਤੇ ਸਮਾਜ ਵਿਚ ਲੋਕ-ਪਖੀ ਅਤੇ ਲੋਕ-ਵਿਰੋਧੀ ਦੋ 'ਵਾਦ' ਹੀ ਆਦਰਸ਼ਵਾਦ (ਵਿਚਾਰਵਾਦ) ਅਤੇ ਪਦਾਰਥਵਾਦ ਹੀ ਕੰਮ ਕਰਦੇ ਰਹੇ ਹਨ। ਉਸਨੇ ਅਗਾਂਹ ਕਿਹਾ ਕਿ ਪੇਪਰ ਵਿਚ ਜਿਵੇਂ ਕਿਹਾ ਗਿਆ ਹੈ ਕਿ "ਇਨਕਲਾਬ ਲਿਆਵਾਂਗੇ ਰਜ ਕੇ ਰੋਟੀ ਖਾਵਾਂਗੇ" ਇਕ ਆਦਰਸ਼ਵਾਦੀ ਨਾਹਰਾ ਹੈ — ਇਹ ਗਲ ਬਿਲਕੁਲ ਨਿਰਾਧਾਰ ਹੈ — ਸਮਾਜਕ ਕ੍ਰਾਂਤੀ ਦੇ ਮੁਢਲੇ ਦੌਰ ਵਿਚ ਲੋਕਾਂ ਨੂੰ ਰੋਟੀ ਜਾਂ ਰੁਜ਼ਗਾਰ ਦੇ ਮਸਲੇ ਨਾਲ ਜੋੜਨ ਤੋਂ ਸਿਵਾ ਇਨਕਲਾਬ ਦੀ ਗਲ ਅਗਾਂਹ ਤੋਰਨ ਦਾ ਹੋਰ ਕਿਹੜਾ ਰਾਹ ਹੈ? ਨਾਲ ਹੀ ਗਲ ਇਹ ਵੀ ਹੈ ਕਿ ਜੇ ਇਨਕਲਾਬ ਕਰਨ ਨਾਲ ਲੋਕਾਂ ਦਾ ਰੋਟੀ ਦਾ ਮਸਲਾ ਹੀ ਹਲ ਨਹੀਂ ਹੋਣਾ ਤਾਂ ਫਿਰ ਉਨ੍ਹਾਂ ਨੇ ਇਨਕਲਾਬ ਕਾਹਦੇ ਲਈ ਕਰਨਾ ਹੈ? ਅਜੇਹੇ ਕੁਝ ਅਹਿਮ ਨੁਕਤੇ ਸਨ, ਜਿਨਾਂ ਦਾ ਬਜ਼ੁਰਗ ਸਾਥੀ ਪਾਲ ਸਿੰਘ ਅਤੇ ਦੇਵਾ ਸਿੰਘ ਮਾਹਲਾ ਨੇ ਵਧ ਚੜ੍ਹਕੇ ਸਮਰਥਨ ਕੀਤਾ — ਪੇਪਰ ਲਿਖਣ ਵਾਲੇ ਇਨ੍ਹਾਂ ਪ੍ਰਸ਼ਨਾਂ ਦਾ ਕੋਈ ਤਸੱਲੀਬਖਸ਼ ਜਵਾਬ ਨਾ ਦੇ ਸਕੇ।

ਬਹਿਸ ਵਿਚ ਹਿਸਾ ਲੈਣ ਵਾਲੇ ਬਹੁਤੇ ਵਿਅਕਤੀਆਂ ਨੇ ਇਸੇ ਨੁਕਤੇ ਤੇ ਜ਼ੋਰ ਦਿਤਾ ਕਿ ਸਿਆਸੀ ਨਰਣੇ ਸਿਧੇ ਰੂਪ ਵਿਚ ਸਾਹਿਤ ਉਤੇ ਲਾਗੂ ਨਹੀਂ ਕੀਤੇ ਜਾ ਸਕਦੇ। ਅਜੇਹਾ ਇਸ ਕਰਕੇ ਹੈ ਕਿਉਂਕਿ ਸਿਆਸਤ ਵਿਚ ਰਾਜ ਸੱਤਾ ਤੇ ਕਬਜ਼ਾ ਕਰਨ ਲਈ ਇਕ ਨੀਤੀ ਘੜੀ ਜਾਂਦੀ ਹੈ — ਦਾਅ ਪੇਚ ਤੇਜ਼ੀ ਨਾਲ ਬਦਲਦੇ ਰਹਿੰਦੇ ਹਨ — ਪਰ ਸਾਹਿਤ ਏਨੀ ਛੇਤੀ ਕਲਾ ਬਾਜ਼ੀਆਂ ਨਹੀਂ ਲਾ ਸਕਦਾ। ਅਜੇਹੇ ਵਿਚਾਰ ਅਤੇ ਪ੍ਰਤੀਕਰਮ ਸੁਣਕੇ ਪੇਪਰ ਲਿਖਣ ਵਾਲਿਆਂ ਨੂੰ ਆਪਣੀ ਪਹੁੰਚ ਬਾਰੇ ਦੁਬਾਰਾ ਮੁਲਅੰਕਣ ਕਰਨਾ ਪੈ ਗਿਆ — ਕਿਉਂਕਿ ਇਨ੍ਹਾਂ ਪ੍ਰਸ਼ਨਾਂ ਦੇ ਉਨ੍ਹਾਂ ਕੋਲ ਕੋਈ ਤਰਕਸ਼ੀਲ ਜਵਾਬ ਨਹੀਂ ਸਨ। ਪੇਪਰ ਬਾਰੇ ਆਖਰੀ ਸਹਿਮਤੀ ਜਾਂ ਫੈਸਲਾ ਲੈਣ ਤੋਂ ਬਿਨਾਂ ਹੀ ਬਹਿਸ ਬਹੁਤ ਲੰਬੀ ਚਲੀ ਗਈ — ਰਾਤ ਦੇ ਦੋ ਵਜੇ ਤਕ ਬਹਿਸ ਜਾਰੀ ਰਹੀ। ਉਪਰੋਕਤ ਦਿਤੇ ਗਏ ਨਾਵਾਂ ਤੋਂ ਇਲਾਵਾ ਹੋਰ ਜਿਹੜੇ ਵਿਅਕਤੀਆ ਨੇ ਬਹਿਸ ਵਿਚ ਹਿਸਾ ਲਿਆ, ਉਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ ਮੱਲ ਸਿੰਘ ਰਾਮਪੁਰੀ, ਰਾਮ ਸਿੰਘ, ਜਗਦੇਵ ਸਿੰਘ (ਸੰਪਾਦਕ ਪ੍ਰਚੰਡ) ਨਾਜ਼ਰ ਸਿੰਘ ਬੋਪਾਰਾਏ (ਸੰਪਾਦਕ ਸੁਰਖ ਰੇਖਾ), ਬਾਰੂ ਸਤਬਰਗ, ਮਿੰਦਰਪਾਲ ਭੱਠਲ, ਪਰਮਜੀਤ ਦੇਹਲ ਤੇ ਬਲਦੇਵ ਕਿਸ਼ੋਰ ਆਦਿ। — ਗੁਰਬਖਸ਼ 'ਜੱਸ'

o

(ੲ) ਸਾਹਿਤ ਤੇ ਰਾਜਨੀਤੀ —

ਸਾਹਿਤ ਕੀ ਹੈ? ਸਾਹਿਤ ਬਾਰੇ ਵਿਦਵਾਨਾਂ ਦੇ ਵਖ ਵਖ ਵਿਚਾਰ ਹਨ। ਕੋਈ ਸੁੰਦਰ ਸ਼ਬਦ ਰਚਨਾ ਨੂੰ ਸਾਹਿਤ ਕਹਿੰਦਾ ਹੈ। ਕੋਈ 'ਜਜ਼ਬੇ' ਨਾਲ ਤੇ ਕੋਈ 'ਵਿਚਾਰਾਂ' ਨਾਲ ਸਬੰਧਤ ਰਚਨਾ ਨੂੰ ਸਾਹਿਤ ਮੰਨਦਾ ਹੈ। ਕੁਝ ਹਰ ਸਾਹਿਤ ਪ੍ਰਾਪੇਗੰਡਾ ਹੈ (ਹਰ ਪ੍ਰਾਪੇਗੰਡਾ ਸਾਹਿਤ ਨਹੀਂ) ਦੇ ਧਾਰਨੀ ਹਨ; ਪਰ ਬਹੁ-ਗਿਣਤੀ ਸਾਹਿਤ ਨੂੰ ਨਾਅਰੇਬਾਜ਼ੀ ਅਤੇ ਉਪਦੇਸ਼ਾ ਤੋਂ ਮੁਕਤ ਬਿਆਨਦੀ ਹੈ।

* ਵਾਦਾਂ 'ਚ ਘਿਰਿਆ ਸਾਹਿਤ

ਅਜੋਕੇ ਦੌਰ ਵਿਚ ਸਾਹਿਤ ਵਾਚਣ ਦੀਆਂ ਕਈ ਪ੍ਰਕਾਰ ਦੀਆਂ ਵਿਧੀਆਂ ਪ੍ਰਚਲਤ ਹਨ — ਅਕਾਦਮਿਕਵਾਦ, ਸਰੰਚਨਾਵਾਦ, ਪ੍ਰਗਤੀਵਾਦ, ਆਧੁਨਿਕਵਾਦ, ਪ੍ਰਭਾਵਵਾਦ, ਮਿਥੋਕਾਵਕ, ਸੁਹਜਵਾਦ, ਪ੍ਰਯੋਗਵਾਦ, ਮਨੋਵਿਗਿਆਨ ਅਤੇ ਯਥਾਰਥਵਾਦ ਆਦਿ। ਉਕਤ ਵਿਧੀਆਂ ਨੂੰ ਛੱਡ ਕੇ ਸੰਤ ਸਿੰਘ ਹੋਰਾਂ 'ਮਾਰਕਸਵਾਦੀ ਵਿਧੀ' ਅਪਣਾਈ, ਜਿਸ ਨੇ ਸਾਹਿਤ ਉਤ ਡੂੰਘਾ ਪ੍ਰਭਾਵ ਪਾਇਆ। ਸਾਹਿਤ-ਸਮੀਖਿਆ ਦੇ ਅਖਾੜੇ ਵਿਚ ਪ੍ਰੋ. ਕਿਸ਼ਨ ਸਿੰਘ ਹੋਰਾਂ ਸੇਖੋਂ ਨਾਲ ਦਸਤਪੰਜਾ ਲੈ ਕੇ ਖੂਬ ਜੌਹਰ ਦਿਖਾਏ। ਸੇਖੋਂ ਦੀ ਕਮਰ ਵਿਚ ਉਮਰ ਦੇ ਵਰ੍ਹਿਆਂ ਨੇ ਭਾਵੇਂ ਥੋੜਾਂ ਬਹੁਤ ਕੁੱਬ ਪਾ ਦਿਤਾ ਹੋਵੇ ਪਰ ਉਸ ਦੀ ਮਾਰਕਸੀ ਸੋਚ ਨੂੰ ਕੋਈ ਲਿਫਾ ਨਹੀਂ ਸਕਿਆ। ਪ੍ਰੋ. ਕਿਸ਼ਨ ਸਿੰਘ ਹੋਰਾਂ ਗੁਰਬਾਣੀ ਦੀ ਰੰਗਣਾ ਚਾੜ੍ਹ ਕੇ ਮਾਰਕਸਵਾਦ ਨੂੰ ਧੁੰਦਲਾ ਕਰਨਾ ਚਾਹਿਆ।

ਪਰ ਉਹ' ਕੀ ਜਾਨਣ ?... ਕਿਥੇ ਬੁਢੀ ਦਾ ਮਰਨਾ ਕਿਥੇ ਹਲ ਓਕੜੂ।... ਮਾਰਕਸਵਾਦ ਇਕ ਸਾਇੰਸ ਹੈ (ਸੇਖੋਂਵਾਦ ਨਹੀਂ) । ਸੇਖੋਂ ਤਾਂ ਮ੍ਰਾਰਕਸਵਾਦ ਦੀ ਪਹੁੰਚ ਵਿਚ ਢੇਰ ਅੰਤਰ ਹੈ : ਇਕ ਆਦਰਸ਼ਕ ਤੇ ਦੂਜੀ ਵਿਗਿਆਨਕ ।

ਕਈ ਉਘੇ ਸਾਹਿਤਕਾਰ ਸਾਹਿਤ ਨੂੰ ਵਾਦ ਮੁਕਤ ਅਤੇ ਨਿਰਪੱਖ ਹੋਣ ਦਾ ਦਾਅਵਾ ਕਰਦੇ ਹਨ। ਉਹਨਾਂ ਦੀ ਜਾਚੇ ਸਾਹਿਤ 'ਮਨੁਖਤਾ' ਲਈ ਰਚਿਆ ਜਾਣਾ ਚਾਹੀਦਾ ਹੈ ।

* ਮਨੁਖਤਾ ਕੀ ਹੈ ?

ਮਨੁਖਤਾ ਦੇ ਅਸੂਲ ਤੇ ਫਰਜ਼ ਹਰ ਯੁਗ ਵਿਚ ਬਦਲਦੇ ਆਏ ਹਨ । ਗੁਲਾਮਦਾਰੀ-ਜਾਗੀਰਦਾਰੀ ਯੁਗ ਵਿਚ ਮਨੁਖਤਾ ਦੇ ਅਰਥ ਹੋਰ ਸਨ । ਅਜੋਕੇ ਸਰਮਾਏ-ਦਾਰੀ ਯੁਗ ਵਿਚ ਮਨੁੱਖਤਾ ਦੇ ਅਰਥ ਕੁਝ ਹੋਰ ਹਨ। ਯੁਗ ਦੀ ਤਬਦੀਲੀ ਨਾਲ ਪੈਦਾਵਾਰੀ ਸਾਧਨ ਬਦਲ ਜਾਂਦੇ ਹਨ। ਇਹਨਾਂ ਸਾਧਨਾਂ ਦੇ ਨਾਲ ਪੈਦਾਵਾਰੀ ਰਿਸ਼ਤੇ ਬਦਲ ਜਾਂਦੇ ਹਨ। ਰਿਸ਼ਤੇ ਬਦਲਨ ਨਾਲ 'ਮਨੁੱਖਤਾ' ਦੇ ਅਰਥ ਬਦਲ ਜਾਂਦੇ ਹਨ ।

ਕੁਝ ਸਾਹਿਤਕਾਰ ਆਪਣੀਆਂ ਰਚਨਾਵਾਂ ਵਿਚ 'ਜ਼ਾਲਮ' ਤੇ 'ਮਜ਼ਲੂਮ' ਪਾਤਰਾਂ ਵਿਚ ਨਖੇੜਾ ਕਰਕੇ ਪਾਠਕਾਂ ਨੂੰ ਮਨੁਖਤਾ ਲਈ ਪਰੇਰਨਾ ਦਿੰਦੇ ਹਨ । ਉਹਨਾਂ ਦੀ ਜਾਚੇ ਮਜ਼ਲੂਮ ਪ੍ਰਤੀ ਹਮਦਰਦੀ ਅਤੇ ਜ਼ਾਲਮ ਵਿਰੁਧ ਜੂਝਣਾ ਹੀ ਮਨੁਖਤਾ ਹੈ । ਰਣ ਵਿਚ ਜੂਝਣ ਵਾਲਾ ਇਨਕਲਾਬੀ ਹੋ ਸਕਦਾ ਹੈ, ਮਾਰਕਸਵਾਦੀ ਨਹੀਂ । ਮਾਰਕਸਵਾਦੀ 'ਜ਼ਾਲਮ' ਦੇ ਵਿਰੁਧ ਹੀ ਨਹੀਂ, ਉਹ ਜ਼ਾਲਮ ਹੋਣ ਦੇ 'ਕਾਰਨਾਂ' ਵਿਰੁਧ ਵੀ ਲੜਦਾ ਹੈ। ਸਰਮਾਏਦਾਰੀ ਯੁੱਗ ਵਿਚ ਜ਼ਾਲਮ ਇਕ ਵਿਅਕਤੀ ਨਹੀਂ, ਇਕ ਜਮਾਤ ਹੈ ਜਿਸ ਦਾ ਪੈਦਾਦਾਰ ਦੇ ਸਾਧਨਾਂ ਉਤੇ ਕਬਜ਼ਾ ਹੈ । ਜਿਹੜੀ ਜਮਾਤ ਪੈਦਾਵਾਰੀ ਸ਼ਕਤੀਆਂ ਦੀ ਮਾਲਿਕ ਹੁੰਦੀ ਹੈ, ਰਾਜ ਦੀ ਮਾਲਿਕ ਵੀ ਓਹੀ ਜਮਾਤ ਹੁੰਦੀ ਹੈ । ਝੋਟੇ ਦੇ ਮਰਨ ਨਾਲ ਚਮਜੂੰਆਂ ਖੁਦ ਹੀ ਮਰ ਜਾਂਦੀਆਂ ਹਨ। ਇਸ ਲਈ ਸਾਹਿਤਕਾਰ ਨੂੰ ਮਨੁਖ ਦੀ ਮੁਕਤੀ ਤੇ ਕਲਿਆਣ ਲਈ 'ਸਟੇਟ' ਵਿਰੁਧ ਲੜਨ ਦੀ ਲੋੜ ਹੈ ।

* ਸਟੇਟ (ਰਾਜ) ਕੀ ਹੈ ?

ਬੁਰਜੂਆ ਵਿਚਾਰਵਾਨ 'ਰਾਜ' ਦੀ ਵਿਆਖਿਆ ਇਕ ਅਜੇਹੀ ਸੰਸਥਾ ਵਜੋਂ ਕਰਦੇ ਹਨ ਜੋ ਪਬਲਿਕ ਵਿਵਸਥਾ ਨੂੰ ਕਾਇਮ ਰਖਣ ਅਤੇ ਸਾਰੀਆਂ ਜਮਾਤਾਂ ਤੇ ਸਮਾਜਕ ਗਰੁੱਪਾਂ ਦੇ ਹਿਤਾਂ ਦੀ ਰਾਖੀ ਕਰਨ ਦੀ ਜ਼ਿੰਮੇਵਾਰ ਹੈ । ਇਹ ਵਿਚਾਰ ਸਾਹਿਤ ਵਿਚ ਵੀ ਪ੍ਰਚਲਤ ਹੈ । ਇਹ ਵਿਚਾਰ ਮਧ-ਵਰਗੀ ਬੁਧੀਜੀਵੀ ਤਬਕੇ ਵਲੋਂ ਪ੍ਰਗਟ ਕੀਤਾ ਜਾਂਦਾ ਹੈ। ਪਰ ਰਾਜ ਇਕ ਜਮਾਤ ਨੂੰ ਦੂਜੀ ਜਮਾਤ ਵਲੋਂ ਦਬਾਉਣ ਦੀ ਮਸ਼ੀਨ ਤੋਂ ਸਿਵਾ ਕੁਝ ਵੀ ਨਹੀਂ, ਨਿਰਸੰਦੇਹ ਇਹ ਪਾਰਲੀਮੈਂਟਰੀ ਹੋਵੇ ਜਾਂ ਤਾਨਾਸ਼ਾਹੀ ।

ਜਿਹੜੇ ਲੋਕ ਸਾਹਿਤ ਨੂੰ ਰਾਜਨੀਤੀ ਤੋਂ ਵਖ ਕਹਿੰਦੇ ਹਨ ਤੇ 'ਵਾਦਾਂ' ਦੇ ਭੇਬਲਭੂਸਿਆਂ ਵਿਚ ਪਾਲੇ ਪਾਠਕਾਂ ਨੂੰ ਗੁੰਮਰਾਹ ਕਰਦੇ ਹਨ ਜਾਂ ਤਾਂ ਉਹ ਅਗਿ-ਆਨੀ ਹਨ ਜਾਂ ਦੰਭੀ । ਹੋ ਸਕਦਾ ਹੈ ਉਹਨਾਂ ਵਿਚੋਂ ਕੋਈ ਪੇਟ ਭਰਨ ਲਈ, ਕੋਈ ਪ੍ਰਸੰਸਾ, ਕੋਈ ਦਿਲ-ਪਰਚਾਵੇ ਵਾਸਤੇ ਸਾਹਿਤ ਰਚਦਾ ਹੋਵੇ । ਸਾਹਿਤ ਇਕ ਤਿੱਖਾ ਵਿਚਾਰਧਾਰਕ ਹਥਿਆਰ ਹੈ । ਇਹ ਆਪਣੇ ਹੱਕਾਂ ਪ੍ਰਤੀ ਸੁੱਤੀ ਆਤਮਾ ਨੂੰ ਜਗਾਉਂਦਾ ਹੈ। ਜਾਗੀ ਆਤਮਾ ਨੂੰ ਜੋਸ਼ ਦਿੰਦਾ ਹੈ । ਇਹ ਚਿੜੀਆਂ ਤੋਂ ਬਾਜ਼ ਤੁੜਵਾਉਂਦਾ ਹੈ। ਇਹ ਝੁੱਗੀਆਂ ਨੂੰ ਮਹਿਲਾਂ ਨਾਲ ਟਕਰਾਉਂਦਾ ਹੈ ।

ਹੋਸ਼ ਤੇ ਜੋਸ਼ ਦਾ ਮਿਲਾਪ; ਕਲਮ ਤੇ ਤਲਵਾਰ ਦਾ ਰਿਸ਼ਤਾ; ਸਾਹਿਤ ਤੇ ਰਾਜਨੀਤੀ ਦਾ ਸੰਗਮ ਹੈ ।

ਮਹਿੰਦਰ ਸਿੰਘ ਚੱਕਰ (ਨਾਵਲਕਾਰ)

o

## 2. ਨੌਜਵਾਨ ਭਾਰਤਸਭਾ :

[ਸਮਤਾ ਦੇ ਜੂਨ 19:1 ਅੰਕ ਵਿਚ ਸੁਖਵੰਤ ਸੰਧੂ ਦਾ ਨੌਜਵਾਨ ਭਾਰਤ, ਸਭਾ ਬਾਰੇ ਇਕ ਲੇਖ '23 ਮਾਰਚ ਦੇ ਸ਼ਹੀਦਾ ਦੇ ਵਾਰਸ' ਦੇ ਸਿਰਲੇਖ ਛਪਿਆ ਸੀ, ਜਿਸ ਵਿਚ ਨੌਜਵਾਨ ਰਾਰਤ ਸਭਾ ਦਾ ਇਤਹਾਸ ਦਸਦਿਆਂ ਹੋਇਆਂ, ਜਿਥੇ ਸੁਖਵੰਤ ਸੰਧੂ ਨੇ ਇਸ ਨਾਂ ਥਲੇ ਕੰਮ ਕਰ ਰਹੀਆਂ ਅਜ ਤਿੰਨ ਸੰਸਥਾਵਾਂ ਦੀ ਏਕਤਾ ਦੀ ਚਾਹਣਾ ਕੀਤੀ ਸੀ, ਉਥੇ ਐਮਰਜੈਂਸੀ ਤੋਂ ਪਹਿਲੇ ਇਸ ਸੰਸਥਾਂ ਵਿਚ ਵਿਖਰੇਵੇਂ ਆਉਣ ਦੇ ਕਾਰਨ ਅਤੇ ਉਹਨਾਂ ਦੀ ਜ਼ਿਮੇਵਾਰੀ ਕਿਸ ਉਤੇ ਸੀ, ਬਾਰੇ ਕੁਝ ਤੱਥ ਪੇਸ਼ ਕੀਤੇ ਸਨ । ਇਕਬਾਲ ਸਿੰਘ ਐਡਵੋਕੇਟ ਜਿਹੜੇ ਇਸ ਸੰਸਥਾ ਵਿਚ ਉਸ ਵੇਲੇ ਕੰਮ ਕਰਦੇ ਸਨ, ਉਹਨਾਂ ਨੇ ਇਹਨਾਂ ਤਥਾਂ ਨੂੰ ਚੈਲਿੰਜ ਕੀਤਾ ਹੈ, ਅਸੀਂ ਉਹਨਾਂ ਵਲੋਂ ਭੇਜਿਆ ਪਤ੍ਰ ਸੰਖੇਪ ਰੂਪ ਵਿਚ ਇਥੇ ਛਾਪ ਰਹੇ ਹਾਂ । ਸਾਡੇ ਵਿਚਾਰ ਵਿਚ ਇਸ ਵੇਲੇ ਅਸਲੀ ਮਸਲਾ ਇਕ ਸ਼ਕਤੀਸ਼ਾਲੀ ਨੌਜਵਾਨ

ਲਹਿਰ ਉਸਾਰਨਾ ਹੈ। ਇਸ ਲਹਿਰ ਦਾ ਪ੍ਰੋਗਰਾਮ ਮੋਟੇ ਤੌਰ ਤੇ ਪੁਲੀਟੀਕਲ ਨੱਈਅਤ ਦਾ ਹੁੰਦਾ ਹੋਇਆ ਵੀ ਪੁਲੀਟੀਕਲ ਪਾਰਟੀ ਦੇ ਪ੍ਰੋਗਰਾਮ ਤੋਂ ਵਖਰਾ ਹੋਵੇਗਾ।

ਸਾਡੇ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਇਹ ਸੰਸਥਾਂ ਭਗਤ ਸਿੰਘ ਤੇ ਹੋਰ ਸਾਥੀਆਂ ਨੇ 1926 ਵਿਚ ਪੰਜਾਬ ਵਿਚ ਬਣਾਈ ਸੀ। ਇਸ ਦਾ ਵੱਡਾ ਨਿਸ਼ਾਨਾਂ ਲੋਕਾਂ ਵਿਚ ਚੰਗੇ ਜੀਵਨ ਲਈ ਚੇਤੰਨਤਾ ਦੇ ਕੇ ਉਹਨਾਂ ਨੂੰ ਸੰਘਰਸ਼ ਅਤੇ ਕ੍ਰਾਂਤੀ ਲਈ ਪ੍ਰੇਰਨਾ ਸੀ। ਆਜ਼ਾਦੀ ਤੋਂ ਬਾਅਦ ਇਸ ਲਹਿਰ ਤੋਂ ਪ੍ਰੇਰਨਾ ਲੈ ਕੇ ਯੁਵਕ ਕੇਂਦਰ ਵਾਲਿਆਂ ਨੇ ਪੰਜਾਬ ਵਿਚ ਇਸ ਨਿਸ਼ਾਨੇ ਵਾਸਤੇ ਕੰਮ ਅਰੰਭਿਆ ਸੀ; ਉਹਨਾਂ ਨੇ ਆਪਣੇ ਵਾਸਤੇ ਜੋ ਕੰਮ ਮਿਥੇ ਉਹਨਾਂ ਵਿਚੋਂ ਕੁਝ ਕੰਮ ਇਸ ਤਰ੍ਹਾਂ ਸਨ — ਅਨਪੜ੍ਹਤਾ ਦੂਰ ਕਰਨ ਲਈ ਵਿਹਲੇ ਸਮੇਂ ਵਿਚ ਬਾਲਗਾਂ ਦੀ ਪੜ੍ਹਾਈ ਦਾ ਇੰਤਜ਼ਾਮ ਕਰਨਾ, ਆਜ਼ਾਦੀ ਸੰਗਰਾਮ ਦੇ ਦੇਸ਼ ਭਗਤਾ ਅਤੇ ਸ਼ਹੀਦਾਂ ਦੇ ਵਿਚਾਰ ਅਤੇ ਜੀਵਨ ਦਾ ਪ੍ਰਚਾਰ ਕਰਨਾ, ਪਿੰਡਾ ਦੀ ਸਫਾਈ ਵਲ ਧਿਆਨ ਦੇਣਾ, ਪਿੰਡਾ ਵਿਚੋਂ ਬਦੀ, ਬੁਰਾਈ ਲੜਾਈ, ਝਗੜੇ ਤੇ ਮੁੱਕਦਮੇ ਬਾਜ਼ੀ ਦਾ ਖ਼ਾਤਮਾ ਕਰਨਾ, ਸਭਿਆਚਾਰਕ ਪ੍ਰੋਗਰਾਮਾ ਰਾਹੀ ਨਰੋਏ ਵਿਚਾਰ ਫੈਲਾਣੇ, ਵਹਿਮ ਪ੍ਰਸਤੀ ਅਤੇ ਸਮਾਜਕ ਕੁਰੀਤੀਆਂ ਨੂੰ ਦੂਰ ਕਰਨਾ, ਨੌਜਵਾਨਾ ਵਿਚ ਖੇਡਾਂ ਅਤੇ ਜਿਸਮਾਨੀ ਕੰਮ ਰਾਹੀ ਤੰਦਰੁਸਤੀ ਅਤੇ ਕਿਰਤ ਦਾ ਸਤਿਕਾਰ ਕਰਨਾ — ਯੁਵਕ ਕੇਂਦਰ ਵਲੋਂ ਉਲੀਕਿਆ ਪ੍ਰੋਗਰਾਮ ਹਾਲੇ ਵੀ ਇਕ ਸ਼ਕਤੀਸ਼ਾਲੀ ਨੌਜਵਾਨ ਲਹਿਰ ਦੀਆਂ ਨੀਹਾਂ ਬਣ ਸਕਦਾ ਹੈ। ਸਮਤਾ ਦਾ ਅਦਾਰਾ ਚਾਹਵੇਗਾ ਕਿ ਜਿਥੇ ਸੁਖਵੰਤ ਸੰਧੂ ਅਤੇ ਇਕਬਾਲ ਸਿੰਘ ਹੋਰਾਂ ਦੇ ਵਿਚਾਰ ਧਿਆਨ ਨਾਲ ਪੜ੍ਹੇ ਜਾਣ ਅਤੇ ਪਿਛਲੀਆਂ ਗਲਤੀਆਂ ਨੂੰ ਸੁਧਾਰਿਆ ਜਾਏ, ਉਥੇ ਇਸ ਲਹਿਰ ਨੂੰ ਵੱਧ ਤੋਂ ਵੱਧ ਲੋਕਾਂ ਵਿਚ ਲਿਜਾਣ ਬਾਰੇ ਠੋਸ ਸੁਝਾਅ ਵੀ ਦਿਤੇ ਜਾਣ ਤਾਂ ਜੋ ਵਿਚਾਰ ਵਟਾਂਦਰਾ ਠੋਸ ਨਤੀਜੇ ਕੱਢ ਸਕੇ।

— ਸੰਪਾਦਕ]

ਸਮਤਾ ਦੇ ਜੂਨ 1981 ਦੇ ਅੰਕ ਵਿਚ, ਮੈਨੂੰ ਕਿਸੇ ਸੁਖਵੰਤ ਸਿੰਘ ਸੰਧੂ ਦੀ ਮੇਹਨਤ ਅਤੇ ਚਾਹਣਾ ਨਾਲ ਤਿਆਰ ਕੀਤਾ ਹੋਇਆ '23 ਮਾਰਚ ਦੇਸ਼ਹੀਦਾਂ ਦੇ ਵਾਰਸ ਨਾਂ ਦਾ ਇਕ ਲੇਖ ਪੜ੍ਹਣ ਦਾ ਮੌਕਾ ਮਿਲਿਆ ਹੈ। ਉਸ ਲੇਖ ਵਿਚ ਦਿਤੀ ਗਈ ਤੱਥਾਂ ਦੀ ਭੰਨਤੋੜ ਅਤੇ ਗੁਮਰਾਹ ਕੁੰਨ ਨੀਅਤ ਸਦਕਾ, ਮੈਨੂੰ ਨਾ ਚਾਹੁੰ-ਦਿਆਂ ਹੋਇਆ ਵੀ, ਮਜਬੂਰ ਹੋ ਕੇ ਇਹ ਖਤ ਲਿਖਣਾਂ ਪਿਆ ਹੈ ਤਾਂ ਜੋ ਸੱਚ ਸਾਹਮਣੇ ਆ ਸਕੇ।

ਸੁਖਵੰਤ ਸੰਧੂ ਆਪਣੀ ਚਾਹਣਾ ਤਾਂ ਇਹ ਦਸਦਾ ਹੈ ਕਿ ਉਸਨੂੰ ਭਗਤ ਸਿੰਘ ਦੇ ਵਾਰਸਾਂ ਦੇ ਵੰਡੇ ਹੋਣ ਦਾ ਬੜਾ ਦੁੱਖ ਹੈ ਕਿਉਂ ਜੋ ਹੁਣ ਭਗਤ ਸਿੰਘ ਹੁਰਾਂ ਦੀ ਜਥੇਬੰਦੀ ਉਹਨਾਂ ਦੀ ਨਾ ਹੋ ਕੇ ਸ਼ਾਦ, ਮਾਨ ਜਾਂ ਕੁੱਬੇ ਦੀ ਗਈ ਹੈ। ਪਰ ਇਸ ਚਾਹਨਾਂ ਪਿਛੇ ਨੀਅਤ ਇਮਾਨਦਾਰਾਨਾ ਨਹੀਂ ਕਿਉਂਕਿ ਜੇਕਰ ਇਹ ਇਸ ਤਰ੍ਹਾਂ ਹੁੰਦੀ ਤਾਂ ਉਹ ਤਥਾਂ ਨੂੰ ਨਾ ਮਰੋੜਦਾ। ਉਹ ਇਹ ਪ੍ਰਭਾਵ ਦੇਣਾ ਚਹੁੰਦਾ ਹੈ ਕਿ ਜ਼ਿਲਾ ਅੰਮ੍ਰਿਤਸਰ ਦੀ ਐਡਹਾਕ ਕਮੇਟੀ ਜਿਸਦੀ ਅਗਵਾਈ ਕਿਸੇ ਵੇਲੇ ਰਘਬੀਰ ਪੂਹਲਾ ਕਰ ਰਿਹਾ ਸੀ, ਉਹ ਪੰਜਾਬ ਵਿਚ ਮੁੱਖ ਆਗੂ ਟੋਲੀ ਵਾਂਗ ਸਥਾਪਤ ਹੋਈ ਸੀ ਅਤੇ ਕੁਕੜਾਂ ਵਾਲਾ ਦਾ ਅਜਲਾਸ ਜਿਸ ਵਿਚ ਬਲਦੇਵ ਮਾਨ ਹੋਰੀ ਵਖ ਹੋਏ ਜਾਂ ਖਾਲੜਾ ਅਜਲਾਸ ਜਿਸ ਤੋਂ ਬਾਅਦ ਬਠਿੰਡਾ ਜ਼ਿਲਾ ਜਥੇਬੰਦਕ ਕਮੇਟੀ, ਜੋ ਅਜ ਕਲ੍ਹ ਕੁੱਬੇ ਗਰੁਪ ਦਾ ਨਾਂ ਨਾਲ ਜਾਣੀ ਜਾਂਦੀ ਹੈ, ਇਹ ਸਪਲਿੰਟਰ ਗਰੁਪ ਸਨ। ਅਗੇ ਚਲ ਕੇ ਕਹਿਦੇ ਨੇ ਕਿ ਇਹਨਾਂ ਨੇ ਆਪਣੇ ਮਤਭੇਦ ਕਦੀ ਜ਼ਿਲਾ ਐਡਹਾਕ ਕਮੇਟੀ ਅਗੇ ਨਹੀਂ ਦਸੇ ਅਤੇ ਆਪਣੇ ਆਪ ਢਾਈ ਇੱਟਾਂ ਦੀ ਮਸੀਤ ਖੜੀ ਕਰ ਲਈ।

ਪਰ ਅਸਲੀਅਤ ਅਸਲ ਵਿਚ ਇਹ ਹੈ ਕਿ ਜ਼ਿਲਾ ਐਡਹਾਕ ਕਮੇਟੀ ਗ਼ੈਰਜਮਹੂਰੀ ਤਰੀਕੇ ਨਾਲ ਫੰਕਸਨ ਕਰਦੀ ਰਹੀ ਸੀ। ਥਲੇ ਵਾਲੀਆਂ ਇਕਾਈਆਂ ਨੂੰ ਨੁਮਾਇੰਦਗੀ ਨਹੀਂ ਦਿਤੀ ਜਾਂਦੀ ਸੀ। ਗ਼ਲਤ ਨਾਮ-ਜ਼ਦਗੀਆਂ ਕਰਕੇ ਕਮੇਟੀ ਵਿਚ ਇਕ ਗੁੱਠ ਦੀ ਬਨਾਵਟੀ ਤਰੀਕੇ ਨਾਲ ਬਹੁਗਿਣਤੀ ਸਥਾਪਤ ਕੀਤੀ ਜਾਂਦੀ ਸੀ। ਇਹ ਗਲ ਮੈਂ ਨਿੱਜੀ ਤਜਰਬੇ ਦੀ ਬਿਨਾਂ ਤੇ ਕਹਿ ਸਕਦਾ ਹਾਂ ਕਿਉਂਕਿ ਝਬਾਲ ਇਕਾਈ ਦੀ ਸਥਾਪਨਾ ਕਰਨ ਵਾਲਿਆਂ ਵਿਚੋਂ ਮੈਂ ਆਪ ਇਕ ਸਾਂ ਤੇ ਜ਼ਿਲਾ ਐਡਹਾਕ ਕਮੇਟੀ ਨੇ ਸਾਜ਼ਸ਼ੀ ਤਰੀਕੇ ਨਾਲ ਮੈਨੂੰ ਥਲੇ ਲਗਾਉਣ ਲਈ ਇਕ ਮਤਵਜ਼ੀ ਇਕਾਈ ਖੜੀ ਕਰਨੀ ਚਾਹੀ ਸੀ। ਇਸੇ ਤਰ੍ਹਾਂ ਕੁਕੜਾਂ ਵਾਲਾ ਅਜਲਾਸ ਵੀ ਤਾਂ ਬੁਲਾਉਣਾ ਪਿਆ ਕਿ ਤਕਰੀਬਨ 100 ਇਕਾਈਆਂ ਨੂੰ ਜਥੇਬੰਦ ਕਰਨ ਵਾਲੇ ਆਗੂਆਂ ਨੂੰ ਐਡਹਾਕ ਕਮੇਟੀ ਵਿਚ ਲੋੜੀਂਦੀ ਨੁਮਾਇੰਦਗੀ ਨਹੀਂ ਦਿਤੀ ਗਈ ਸੀ। ਜ਼ਿਲਾ ਐਡਹਾਕ ਕਮੇਟੀ ਦੀ ਬੇਕਾਇਦਗੀਆਂ ਦੀ ਇਕ ਲੰਮੀ ਫਹਿਰਿਸਤ ਹੈ, ਜਿਸ ਵਿਚ ਕਾਬਜ਼ ਗੁੱਠ ਨੇ ਸਾਜ਼ਸੀ ਤਰੀਕੇ ਨਾਲ ਆਪਣੇ ਨਾਲ ਮਤਭੇਦ ਰਖਣ ਵਾਲਿਆਂ ਨੂੰ

Post Office No. P/AR — 33
Registred With Registrar News Paper Vide No, MA/1/2397-D dated 14,8.80

ਐਡਹਾਕ ਕਮੇਟੀ ਤੋਂ ਬਾਹਰ ਰਖਿਆ। ਸੀ ਜੇ. ਪੀ. ਦੀ ਲਹਿਰ ਬਾਰੇ ਆਪਣੀ ਰਾਜਨੀਤੀ ਗ਼ੈਰ ਜਮਹੂਰੀ ਤਰੀਕੇ ਨਾਲ ਇਕਾਈਆ ਤੇ ਠੋਸਨੀ ਚਾਹੀ ਸੀ। ਜ਼ਿਲਾ ਐਡਹਾਕ ਕਮੇਟੀ ਦੀ ਬਲੇ ਵਾਲੇ ਯੂਨਿਟਾ ਵਿਚ ਕਿਨੀ ਕੁ ਹੋਂਦ ਸੀ, ਇਹ ਐਮਰਜੈਂਸੀ ਵੇਲੇ ਹੀ ਪਤਾ ਲਗ ਗਈ ਜਦੋਂ ਇਕ ਹੱਲੇ ਬਲੇ ਇਹ ਖੇਰੂੰ ਖੇਰੂੰ ਹੋ ਗਈ। ਇਸ ਦੇ ਉਲਟ ਕੁਕੜਾ ਵਾਲੇ ਅਜਲਾਸ ਵਿਚ ਹੋਂਦ ਵਿਚ ਆਈ ਜ਼ਿਲਾ ਐਗਜ਼ੈਕਟਿਵ ਕਮੇਟੀ ਇਸ ਦੌਰ ਵਿਚ ਵੀ ਜਥੇ-ਬੰਦ ਤਰੀਕੇ ਨਾਲ ਕੰਮ ਕਰਦੀ ਰਹੀ ਅਤੇ ਹਕੂਮਤ ਦੇ ਹਰ ਵਾਰ ਦਾ ਡਟਵਾ ਜਵਾਬ ਦੇਂਦੀ ਰਹੀ ਸੀ।

ਐਮਰਜੈਂਸੀ ਦੇ ਟਟਦਿਆਂ ਸਾਰ ਹੀ ਅੰਮ੍ਰਿਤਸਰ ਵਿਚ ਬਣੀ ਸੂਬਾ ਜਥੇਬੰਦਕ ਕਮੇਟੀ ਦੀ ਸ਼ਾਖ ਜ਼ਿਲਾ ਜਥੇਬੰਦਕ ਕਮੇਟੀ (ਕਨਵੀਨਰ ਜਸਵੰਤ ਸਿੰਘ ਖਾਲੜਾ) ਜੋ ਕਿ ਉਸ ਵਕਤ ਇਕ ਆਜ਼ਾਦ ਜਿਹੀ ਇਕਾਈ ਸੀ, ਨੇ ਸੂਬਾ ਜਥੇਬੰਦਕ ਕਮੇਟੀ ਅਤੇ ਉਸ ਦੀ ਲੀਡਰ-ਸ਼ਿਪ ਦਾ ਅਸਲੀ ਕਿਰਦਾਰ ਦਸਦਿਆਂ ਹੋਇਆਂ ਜ਼ਿਲਾ ਐਗਜ਼ੈਕਟਿਵ ਕਮੇਟੀ ਦੇ ਸਟੈਂਡ ਨੂੰ ਠੀਕ ਸਮਝਦਿਆ ਹੋਇਆ ਇਸ ਨਾਲ ਏਕਾ ਕਰ ਲਿਆ। ਉਸ ਨੇ ਪੜਚੋਲ ਤੇ ਆਪਾ ਪੜਚੋਲ ਕਰਦਿਆਂ ਹੋਇਆ ਇਹ ਦਸਿਆ ਕਿ ਕਿਸ ਤਰ੍ਹਾਂ ਸੂਬਾ ਜਥੇਬੰਦਕ ਕਮੇਟੀ (ਜਦੋਂ ਜਿਉਂਦੀ ਸੀ) ਘੋਰ ਬੇਜ਼ਾਬਤਗੀਆਂ ਕਰਦੀ ਹੁੰਦੀ ਸੀ ਅਤੇ ਕਿਵੇਂ ਸਾਜ਼ਸੀ ਢੰਗ ਨਾਲ ਕੰਮ ਕਰਨ ਵਾਲਾ ਇਹ ਸੂਬਾ ਅਦਾਰਾ ਉਲਟ ਇਨਕਲਾਬੀਆਂ ਦਾ ਇਕ ਟੋਲਾ ਸੀ ਅਤੇ ਬੇਈਮਾਨਾਂ ਦਾ ਗੜ੍ਹ ਸੀ। ਜ਼ਿਲਾ ਐਗਜ਼ੈਕਟਿਵ ਕਮੇਟੀ ਨੇ ਆਪਣਾ ਕੰਮ ਜਾਰੀ ਰਖਿਆ। ਜਸਵੰਤ ਖਾਲੜਾ ਨੂੰ ਇਸਦਾ ਮੈਂਬਰ ਵੀ ਲਿਆ ਗਿਆ ਪਰ ਕੁਝ ਚਿਰ ਬਾਅਦ ਉਹਨੇ ਮੀਟਿੰਗ ਵਿਚ ਆਉਣਾ ਬੰਦ ਕਰ ਦਿਤਾ। ਪਰ ਇਹਦਾ ਇਹ ਮਤਲਬ ਨਹੀਂ ਕਿ ਐਗਜ਼ੈਕ-ਟਿਵ ਕਮੇਟੀ ਨੇ ਆਪਣਾ ਕੰਮ ਬੰਦ ਕਰ ਦਿਤਾ। ਇਸ ਕਮੇਟੀ ਨੇ ਜੋ ਕੰਮ ਕੀਤਾ ਹੈ, ਉਹਦੀ ਬਿਨਾਂ ਤੇ ਇਹ ਕਿਹਾ ਜਾ ਸਕਦਾ ਹੈ ਕਿ ਬਲਦੇਵ ਮਾਨ ਨੂੰ ਸੂਬਾ ਨੌ-ਜਵਾਨ ਭਾਰਤ ਸਭਾ ਦਾ ਪ੍ਰਧਾਨ ਚੁਣਿਆ ਗਿਆ ਹੈ ਅਤੇ ਇਹ ਜਥੇਬੰਦੀ ਆਪਣੀ ਸੂਝ ਅਨੁਸਾਰ ਪੂਰੇ ਜ਼ੋਰ ਨਾਲ ਕੰਮ ਕਰ ਰਹੀ ਹੈ। ਜੇ, ਪੀ. ਲਹਿਰ ਬਾਰੇ ਵੀ ਸੁਖਵੰਤ ਸੰਧੂ ਨੇ ਜ਼ਿਲਾ ਐਗਜ਼ੈਕਟਿਵ ਕਮੇਟੀ ਦੇ ਪੱਖ ਨੂੰ ਗ਼ਲਤ ਪੇਸ਼ ਕੀਤਾ ਹੈ। ਬੇਸ਼ਕ ਜ਼ਿਲਾ ਐਗਜ਼ੈਕਟਿਵ ਕਮੇਟੀ ਨੇ ਬਿਹਾਰ ਦੀ ਲਹਿਰ ਨੂੰ ਇਕ ਜਨਤਕ ਲਹਿਰ ਅਤੇ ਲੋਕਾਂ ਦੀਆਂ ਮੰਗਾ ਉਪਰ ਚਲਣ ਵਾਲੀ ਲਹਿਰ ਆਖਿਆ ਪਰ ਉਸ ਨੇ ਕਦੇ ਵੀ ਜੇ. ਪੀ. ਨੂੰ ਜਾਂ ਉਸ ਦੀਆਂ ਨੀਤੀਆਂ ਨੂੰ ਠੀਕ ਨਹੀਂ ਸਮਝਿਆ ਸੀ।

ਇਕ ਗਲ ਹੋਰ, ਜਿਸ ਸੁਖਵੰਤ ਸੰਧੂ ਨੇ ਇਹ ਚਿਠੀ ਲਿਖੀ ਹੈ, ਉਸ ਤੋਂ ਜ਼ਾਹਿਰ ਹੁੰਦਾ ਹੈ ਕਿ ਉਹ 1974-75 ਵਿਚ ਨੌਜਵਾਨ ਭਾਰਤ ਸਭਾ ਦੀ ਜਥੇਬੰਦੀ ਨਾਲ ਸੰਬਧਤ ਰਿਹਾ ਹੈ, ਪਰ ਕਿਉਂਕਿ ਇਸ ਨਾਂ ਦਾ ਵਿਯਕਤੀ ਉਸ ਜਥੇਬੰਦੀ ਵਿਚ ਕਦੀ ਨਹੀਂ ਰਿਹਾ, ਇਹ ਸਾਫ ਹੈ ਕਿ ਉਸਨੇ ਇਹ ਚਿਠੀ ਕਿਸੇ ਹੋਰ ਨਾਂ ਥਲੇ ਆਪਣੀ ਸ਼ਖ਼ਸ਼ੀਅਤ ਛੁਪਾਂਦੇ ਹੋਏ ਲਿਖੀ ਹੈ, ਇਹ ਇਕ ਬੁਜ਼ਦਿਲੀ ਹੈ, ਉਹ ਜਾਣਦਾ ਸੀ ਕਿ ਉਹ ਗ਼ਲਤ ਤੱਥ ਪੇਸ਼ ਕਰ ਰਿਹਾ ਹੈ, ਇਸ ਲਈ ਉਹਨੇ ਆਪਣਾ ਨਾਂ ਛੁਪਾਇਆ ਹੈ, ਇਸ ਤਰ੍ਹਾਂ ਵਾਦਵਿਵਾਦ ਕਦੀ ਵੀ ਸਹੀ ਢੰਗ ਨਾਲ ਨਹੀਂ ਚਲ ਸਕਦਾ।

ਕੁਝ ਏਕਤਾ ਬਾਰੇ : ਇਸ ਵੇਲੇ ਪੰਜਾਬ ਅੰਦਰ ਆਪੋ-ਆਪਣੀਆਂ ਨੀਤੀਆਂ ਮੁਤਾਬਕ ਨੌਜਵਾਨ ਭਾਰਤ ਸਭਾ ਦੇ ਨਾਂ ਹੇਠ ਕੁਝ ਜਥੇਬੰਦੀਆਂ ਕੰਮ ਕਰ ਰਹੀਆ ਹਨ। ਉਹਨਾਂ ਨੇ ਛੋਟੇ ਜਾਂ ਵਡੇ ਆਪਣੇ ਪ੍ਰਭਾਵ ਖੇਤਰ ਬਣਾਏ ਹਨ। ਸਭ ਦੀਆਂ ਨੀਤੀਆਂ ਚਾਹੇ ਉਹ ਠੀਕ ਹਨ ਜਾਂ ਗ਼ਲਤ ਹਨ, ਉਹ ਬਿਲਕੁਲ ਸਪਸ਼ਟ ਹਨ। ਮੈਂ ਸੁਖਵੰਤ ਸੰਧੂ (ਜਾਂ ਜੋ ਵੀ ਉਹਨਾ ਦਾ ਅਸਲ ਨਾਂ ਹੈ, ਕਿਉਂਕਿ ਜਿਥੋਂ ਤਕ ਮੇਰੀ ਜਾਣਕਾਰੀ ਹੈ, ਇਸ ਨਾਂ ਦਾ ਕੋਈ ਵੀ ਵਿਯਕਤੀ ਵੀ ਪਹਿਲੇ ਜਾਂ ਹੁਣ ਕਦੀ ਕਿਸੇ ਵੀ ਨੌਜਵਾਨ ਭਾਰਤ ਸਭਾ ਨਾਲ ਸਬੰਧਤ ਨਹੀਂ ਰਿਹਾ) ਹੋਰਾਂ ਨੂੰ ਬੇਨਤੀ ਕਰਾਂਗਾ ਕਿ ਮੈਂ ਤੇ ਉਹ ਜਦੋਂ ਨੌਜਵਾਨ ਭਾਰਤ ਸਭਾ ਦੀ ਮੁਖਧਾਰਾ ਨਾਲੋਂ ਬਹੁਤ ਦੂਰ ਹਾਂ, ਤਾਂ ਸਾਨੂੰ ਕੋਈ ਹਕ ਨਹੀਂ ਕਿ ਅਸੀਂ ਐਵੇਂ ਖਾਹ-ਮਖਾਹ ਲਹਿਰ ਨਾਲ ਸੰਬਧਤ ਧਿਰਾ ਬਾਰੇ ਕੁਝ ਗ਼ਲਤ-ਮਲਤ ਕਹਿਦੇ ਫਿਰੀਏ ਅਤੇ ਆਪਣੀ ਝੂਠੀ ਵਡਿਆਈ ਬਨਾਉਣ ਦੀ ਕੋਸ਼ਿਸ਼ ਕਰੀਏ। ਨੌਜਵਾਨ ਭਾਰਤ ਸਭਾਵਾਂ ਦੀਆਂ ਵੱਖ ਵੱਖ ਧਿਰਾਂ ਜੋ ਸਮਝਣਗੀਆਂ, ਉਹ ਕਰਨ-ਗੀਆਂ। ਉਸ ਉਪਰ ਮੇਰਾ ਜਾਂ ਉਹਨਾਂ ਦਾ (ਸੁਖਵੰਤ ਸੰਧੂ ਦਾ) ਕੋਈ ਵੱਸ ਨਹੀਂ, ਏਕਾ ਉਹਨਾਂ ਦੇ ਉਪਰਾ-ਲਿਆਂ ਨਾਲ ਹੀ ਹੋਣਾ ਹੈ ਅਤੇ ਇਹ ਏਕਾਂ ਲੋਕਾਂ ਦੀਆਂ ਭੱਖਦੀਆਂ ਮੰਗਾਂ ਦੇ ਆਧਾਰ ਉਪਰ ਇਮਾਨਦਾਰ ਧਿਰਾਂ ਵਲੋਂ ਸਾਂਝੀਆਂ ਕਾਰਵਾਈਆਂ ਤੋਂ ਸ਼ੁਰੂ ਹੋਵੇਗਾ। ਤੰਗ ਨਜ਼ਰੀ ਛੱਡ ਕੇ ਦੋ ਪੱਖੀ ਸਿਆਸੀ ਵਿਚਾਰ ਵਟਾਂਦਰੇ ਰਾਹੀ ਸਬੰਧਤ ਧਿਰਾਂ ਹਕੀਕੀ ਸਾਝੇ ਕੇਂਦਰ ਤੇ ਇਕੱਠੀਆਂ ਹੋਣ ਗੀਆਂ। ਇਸ ਤਰ੍ਹਾਂ ਦਾ ਅਮਲ ਮੌਕਾਪ੍ਰਸਤ ਅਨਸਰਾਂ ਨੂੰ ਕੂੜੇ ਦੇ ਢੇਰ ਵਿਚ ਸੁਟੇਗਾ। ਉਹ ਭਗਤ ਸਿੰਘ ਦੇ ਵਾਰਿਸ ਹੀ ਹਨ ਜੋ ਸਾਮਰਾਜ ਅਤੇ ਉਹਨਾਂ ਦੇ ਪਿਠੂ ਸਰਮਾਏਦਾਰਾਂ ਅਤੇ ਜਗੀਰਦਾਰਾਂ ਦੀਆਂ ਜਮਾਤਾਂ ਦੇ ਖਿਲਾਫ ਲੜ ਰਹੇ ਹਨ – ਇਕਬਾਲ ਸਿੰਘ ਐਡਵੋਕੇਟ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ – ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਰੋਕਸੋਨਾ ਪ੍ਰਿੰਟਿੰਗ ਪ੍ਰੈਸ, ਪੁਤਲੀਘਰ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖ਼ਾਲਸਾ ਨਿਵਾਸ ਡਾਕਖ਼ਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ – 143002 : ਵਾਰਸ਼ਿਕ ਚੰਦਾ 15 ਰੁਪਏ, ਵਿਦੇਸ਼ ਹਵਾਈ ਡਾਕ ਰਾਹੀਂ 80 ਰੁਪਏ